5-APRIL-PAGE-1.qxd 4/4/2023 10:28 PM Page 1

ਬੁੱਧਵਾਰ, 5 ਅਪ੍ਰੈਲ, 2023
23 ਚੇਤ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 304

ਨਵਾਂ ਜ਼ਮਾਨਾ

DAILY NAWAN ZAMANA • WEDNESDAY, 5 APRIL, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਗੈਂਗਸਟਰ ਦੀਪਕ ਬਾਕਸਰ ਮੈਕਸੀਕੋ 'ਚ ਗ੍ਰਿਫ਼ਤਾਰ

ਨਵੀਂ ਦਿੱਲੀ : ਐੱਫ ਬੀ ਆਈ ਦੀ ਮਦਦ ਨਾਲ ਦਿੱਲੀ ਪੁਲਸ ਦੀ ਸਪੈਸ਼ਲ ਬ੍ਰਾਂਚ ਨੇ ਦਿੱਲੀ ਦੇ ਮੋਸਟ ਵਾਂਟੇਡ ਗੈਂਗਸਟਰਾਂ ਵਿੱਚੋਂ ਇਕ ਦੀਪਕ ਬਾਕਸਰ ਨੂੰ ਮੈਕਸੀਕੋ ਵਿਚ ਗ੍ਰਿਫਤਾਰ ਕੀਤਾ ਹੈ। ਦੀਪਕ ਪਿਛਲੇ ਸਾਲ ਇੱਥੋਂ ਦੇ ਰੋਹਿਣੀ ਕੋਰਟ ਕੰਪਲੈਕਸ 'ਚ ਗੈਂਗਸਟਰ ਜਤਿੰਦਰ ਗੋਗੀ ਦੇ ਕਤਲ ਤੋਂ ਬਾਅਦ 'ਗੋਗੀ ਗੈਂਗ' ਚਲਾ ਰਿਹਾ ਸੀ। ਉਹ ਬਿਲਡਰ ਅਮਿਤ ਗੁਪਤਾ ਦੇ ਕਤਲ ਦੇ ਮਾਮਲੇ 'ਚ ਲੋੜੀਂਦਾ ਸੀ, ਜਿਸ ਦੀ ਪਿਛਲੇ ਸਾਲ 23 ਅਗਸਤ ਨੂੰ ਉੱਤਰੀ ਦਿੱਲੀ ਦੇ ਬੁਰਾੜੀ ਇਲਾਕੇ 'ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

ਚੀਨੀ ਹਰਕਤ ਨੂੰ ਭੰਡਿਆ

ਨਵੀਂ ਦਿੱਲੀ : ਭਾਰਤ ਨੇ ਚੀਨ ਵੱਲੋਂ ਅਰੁਣਾਚਲ ਪ੍ਰਦੇਸ਼ ਦੇ ਕੁਝ ਸਥਾਨਾਂ ਦੇ ਨਾਂਅ ਬਦਲਣ ਨੂੰ ਮੰਗਲਵਾਰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਇਹ ਸੂਬਾ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਹਿੱਸਾ ਹੈ। ਵਿਦੇਸ਼ ਮੰਤਰਾਲਾ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਕਾਢ ਕੱਢੇ ਨਾਂਅ ਹਕੀਕਤ ਨੂੰ ਨਹੀਂ ਬਦਲ ਸਕਦੇ। ਬਾਗਚੀ ਨੇ ਕਿਹਾ-ਅਸੀਂ ਅਜਿਹੀਆਂ ਰਿਪੋਰਟਾਂ ਦੇਖੀਆਂ ਹਨ। ਇਹ ਪਹਿਲੀ ਵਾਰ ਨਹੀਂ ਹੈ ਜਦੋਂ ਚੀਨ ਨੇ ਅਜਿਹੀ ਕੋਸ਼ਿਸ਼ ਕੀਤੀ ਹੈ। ਅਸੀਂ ਇਸ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਾਂ। ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਨਿੱਖੜਵਾਂ ਅਤੇ ਅਟੁੱਟ ਹਿੱਸਾ ਹੈ, ਰਿਹਾ ਹੈ ਅਤੇ ਰਹੇਗਾ।

ਜੀ ਡੀ ਪੀ ਵਿਕਾਸ ਦਰ ਘਟੇਗੀ

ਨਵੀਂ ਦਿੱਲੀ : ਵਿਸ਼ਵ ਬੈਂਕ ਨੇ ਕਿਹਾ ਹੈ ਕਿ ਖਪਤ ਘਟਣ ਕਾਰਨ 2023-24 'ਚ ਭਾਰਤ ਦੀ ਜੀ ਡੀ ਪੀ ਵਿਕਾਸ ਦਰ ਸੁਸਤ ਪੈ ਕੇ 6.3 ਫੀਸਦ ਤੱਕ ਆ ਜਾਵੇਗੀ। ਬੈਂਕ ਨੇ ਕਿਹਾ ਹੈ ਕਿ 2023-24 'ਚ ਭਾਰਤ ਦਾ ਚਾਲੂ ਖਾਤਾ ਘਾਟਾ 2.1 ਫੀਸਦ ਰਹੇਗਾ। ਇਸ ਦੇ ਨਾਲ 2023-24 'ਚ ਭਾਰਤ 'ਚ ਪ੍ਰਾਚੂਨ ਮਹਿੰਗਾਈ 6.6 ਫੀਸਦੀ ਤੋਂ ਘਟ ਕੇ 5.2 ਫੀਸਦੀ ਰਹਿ ਸਕਦੀ ਹੈ।

ਚਾਨੂੰ 'ਤੇ ਚਾਰ ਸਾਲ ਦੀ ਪਾਬੰਦੀ

ਨਵੀਂ ਦਿੱਲੀ : ਰਾਸ਼ਟਰਮੰਡਲ ਖੇਡਾਂ ਦੀ ਚੈਂਪੀਅਨ ਭਾਰਤੀ ਵੇਟਲਿਫਟਰ ਸੰਜੀਤਾ ਚਾਨੂੰ 'ਤੇ ਪਿਛਲੇ ਸਾਲ ਡੋਪ ਟੈਸਟ 'ਚ ਅਸਫਲ ਰਹਿਣ ਕਾਰਨ ਰਾਸ਼ਟਰੀ ਡੋਪਿੰਗ ਰੋਕੂ ਏਜੰਸੀ (ਨਾਡਾ) ਨੇ ਚਾਰ ਸਾਲ ਦੀ ਪਾਬੰਦੀ ਲਗਾ ਦਿੱਤੀ ਹੈ। ਉਸ ਨੇ ਪਿਛਲੇ ਸਾਲ ਸਤੰਬਰ-ਅਕਤੂਬਰ 'ਚ ਗੁਜਰਾਤ 'ਚ ਰਾਸ਼ਟਰੀ ਖੇਡਾਂ ਦੌਰਾਨ ਸਟੀਰੌਇਡ ਦੀ ਵਰਤੋਂ ਕੀਤੀ ਸੀ ਤੇ ਉਸ ਦਾ ਟੈਸਟ ਪਾਜ਼ੇਟਿਵ ਆਇਆ ਹੈ। ਭਾਰਤੀ ਵੇਟਲਿਫਟਿੰਗ ਸੰਘ ਨੇ ਪਾਬੰਦੀ ਦੀ ਪੁਸ਼ਟੀ ਕੀਤੀ ਹੈ।

ਜਹਾਜ਼ ਦਾ ਹੰਗਾਮੀ ਉਤਾਰਾ

ਬੇਂਗਲੁਰੂ : ਇੱਥੋਂ ਵਾਰਾਨਸੀ ਜਾ ਰਹੇ ਇੰਡੀਗੋ ਦੇ ਜਹਾਜ਼ ਨੂੰ ਮੰਗਲਵਾਰ ਤਕਨੀਕੀ ਖਰਾਬੀ ਕਾਰਨ ਹੈਦਰਾਬਾਦ 'ਚ ਉਤਾਰਨਾ ਪਿਆ। ਯਾਤਰੀਆਂ ਨੂੰ ਵਾਰਾਨਸੀ ਲਿਜਾਣ ਲਈ ਬਦਲਵਾਂ ਜਹਾਜ਼ ਮੁਹੱਈਆ ਕਰਵਾਇਆ ਗਿਆ।

ਰਿਸੜਾ ਕਸਬੇ 'ਚ ਹਾਲਾਤ ਸੁਧਰੇ

ਕੋਲਕਾਤਾ : ਪੱਛਮੀ ਬੰਗਾਲ ਦੇ ਹੁਗਲੀ ਜ਼ਿਲ੍ਹੇ ਦਾ ਰਿਸੜਾ ਕਸਬਾ ਤਾਜ਼ਾ ਝੜਪਾਂ ਤੋਂ ਬਾਅਦ ਮੰਗਲਵਾਰ ਸ਼ਾਂਤ ਪਰ ਤਣਾਅ ਭਰਿਆ ਰਿਹਾ। ਜ਼ਿਆਦਾਤਰ ਦੁਕਾਨਾਂ ਬੰਦ ਰਹੀਆਂ ਅਤੇ ਗਲੀਆਂ ਸੁੰਨਸਾਨ ਨਜ਼ਰ ਆਈਆਂ। ਧਾਰਾ 144 ਦੇ ਤਹਿਤ ਮਨਾਹੀ ਦੇ ਹੁਕਮ ਖੇਤਰ 'ਚ ਲਾਗੂ ਹਨ। ਸੁਰੱਖਿਆ ਬਲਾਂ ਨੇ ਰਿਸੜਾ ਅਤੇ ਨੇੜਲੇ ਸ੍ਰੀਰਾਮਪੁਰ ਦੇ ਪ੍ਰਭਾਵਤ ਖੇਤਰਾਂ 'ਚ ਗਸ਼ਤ ਕੀਤੀ। ਇੰਟਰਨੈੱਟ ਸੇਵਾਵਾਂ ਠੱਪ ਹਨ ਤੇ ਪੁਲਸ ਲੋਕਾਂ ਨੂੰ ਸ਼ਾਂਤ ਰਹਿਣ ਤੇ ਅਫਵਾਹਾਂ ਤੋਂ ਬਚਣ ਲਈ ਆਖ ਰਹੀ ਹੈ। ਹਿੰਸਾ ਰਾਮ ਨੌਮੀ ਮੌਕੇ ਹੋਈ ਸੀ।

ਫਿਨਲੈਂਡ ਵੀ ਨਾਟੋ 'ਚ

ਬ੍ਰੱਸਲਜ਼ : ਫਿਨਲੈਂਡ ਨੇ ਮੰਗਲਵਾਰ ਰਾਤ ਅਧਿਕਾਰਤ ਤੌਰ 'ਤੇ ਦੁਨੀਆ ਦੇ ਸਭ ਤੋਂ ਵੱਡੇ ਸੁਰੱਖਿਆ ਗਠਜੋੜ ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦਾ ਮੈਂਬਰ ਬਣ ਜਾਣਾ ਸੀ। ਇਸ ਦੇ ਗੁਆਂਢੀ ਰੂਸ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਨਾਟੋ ਆਪਣੇ 31ਵੇਂ ਮੈਂਬਰ ਰਾਜ ਦੇ ਖੇਤਰ 'ਤੇ ਵਾਧੂ ਸੈਨਿਕ ਜਾਂ ਜੰਗੀ ਸਾਜ਼ੋ-ਸਾਮਾਨ ਤਾਇਨਾਤ ਕਰਦਾ ਹੈ ਤਾਂ ਉਹ ਫਿਨਲੈਂਡ ਦੀ ਸਰਹੱਦ ਦੇ ਨੇੜੇ ਆਪਣੀ ਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰੇਗਾ। ਰੂਸ ਤੇ ਫਿਨਲੈਂਡ ਵਿਚਾਲੇ 1340 ਕਿਲੋਮੀਟਰ ਦੀ ਸਰਹੱਦ ਹੈ। ਫਿਨਲੈਂਡ ਦਾ ਨੀਲਾ-ਚਿੱਟਾ ਝੰਡਾ ਬ੍ਰੱਸਲਜ਼ 'ਚ ਨਾਟੋ ਦੇ ਹੈੱਡਕੁਆਰਟਰ ਦੇ ਬਾਹਰ ਹੋਰ ਮੈਂਬਰ ਦੇਸ਼ਾਂ ਦੇ ਝੰਡਿਆਂ ਦੇ ਨਾਲ-ਨਾਲ ਲਹਿਰਾਇਆ ਜਾਵੇਗਾ।

ਪਤਨੀ-ਬੇਟੇ ਦੀ ਹੱਤਿਆ ਤੋਂ ਬਾਅਦ ਏ ਐੱਸ ਆਈ ਵੱਲੋਂ ਖ਼ੁਦਕੁਸ਼ੀ

ਵਾਰਦਾਤ ਤੋਂ ਬਾਅਦ ਭੱਜਣ ਵੇਲੇ ਅਗਵਾ ਕੀਤੀ ਗੁਆਂਢਣ ਕੁੜੀ ਨੂੰ ਪੁਲਸ ਨੇ ਸੁਰੱਖਿਅਤ ਛੁਡਵਾਇਆ

ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ/ਜਨਕ ਮਹਾਜਨ)

ਏ ਐੱਸ ਆਈ ਨੇ ਮੰਗਲਵਾਰ ਸਵੇਰੇ ਆਪਣੇ ਪਿੰਡ ਭੁੰਬਲੀ 'ਚ ਪਤਨੀ ਅਤੇ ਨੌਜਵਾਨ ਪੁੱਤਰ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਸ਼ਾਮੀਂ ਖੁਦਕੁਸ਼ੀ ਕਰ ਲਈ। ਵਾਰਦਾਤ ਤੋਂ ਬਾਅਦ ਉਹ ਚਸ਼ਮਦੀਦ ਗੁਆਂਢਣ ਕੁੜੀ ਨੂੰ ਅਗਵਾ ਕਰਕੇ ਭੱਜ ਗਿਆ ਸੀ ਪਰ ਪੁਲਸ ਨੇ ਕੁੜੀ ਛੁਡਵਾ ਲਈ। ਥਾਣਾ ਤਿੱਬੜ ਦੇ ਅਧੀਨ ਪੈਂਦੇ ਪਿੰਡ ਭੁੰਬਲੀ ਦਾ ਏ ਐੱਸ ਆਈ ਭੁਪਿੰਦਰ ਸਿੰਘ ਅੰਮ੍ਰਿਤਸਰ ਬਾਰਡਰ ਜ਼ੋਨ ਵਿਚ ਤਾਇਨਾਤ ਸੀ। ਉਸਨੇ ਸਵੇਰੇ ਸਾਢੇ 9 ਵਜੇ ਦੇ ਕਰੀਬ ਤਕਰਾਰ ਹੋਣ 'ਤੇ ਬੇਟੇ ਬਲਪ੍ਰੀਤ ਸਿੰਘ (18) ਅਤੇ ਪਤਨੀ ਬਲਜੀਤ ਕੌਰ (42) 'ਤੇ ਸਰਕਾਰੀ ਕਾਰਬਾਈਨ ਨਾਲ ਗੋਲੀਆਂ ਦਾਗ ਦਿੱਤੀਆਂ। ਇਸ ਮਗਰੋਂ ਉਸ ਨੇ ਆਪਣੇ ਪਾਲਤੂ ਕੁੱਤੇ ਨੂੰ ਵੀ ਨਹੀਂ ਬਖ਼ਸ਼ਿਆ ਅਤੇ ਉਸ ਨੂੰ ਵੀ ਗੋਲੀ ਮਾਰ ਕੇ ਮਾਰ ਦਿੱਤਾ। ਬਲਜੀਤ ਕੌਰ ਸਿੱਖਿਆ ਵਿਭਾਗ 'ਚ ਸਿਖਿਆ ਪ੍ਰੋਵਾਈਡਰ ਵਜੋਂ ਤਾਇਨਾਤ ਸੀ। ਗੋਲੀਆਂ ਦੀ ਆਵਾਜ਼ ਸੁਣ ਕੇ ਪਿੰਡ ਦੇ ਲੋਕ ਇਕੱਠੇ ਹੋਏ ਤਾਂ ਭੁਪਿੰਦਰ ਗੁਆਂਢ ਰਹਿੰਦੀ ਕੁੜੀ ਨੂੰ ਆਪਣੀ ਢਾਲ ਬਣਾ ਕੇ ਕਾਰ ਰਾਹੀਂ ਫਰਾਰ ਹੋ ਕੇ ਬਟਾਲਾ ਇਲਾਕੇ 'ਚ ਪੈਂਦੇ ਨਵਾਂ ਪਿੰਡ ਪੰਜ ਖੜੱਲ 'ਚ ਆਪਣੇ ਰਿਸ਼ਤੇਦਾਰਾਂ ਦੇ ਘਰ ਜਾ ਕੇ ਲੁਕ ਗਿਆ। 11 ਵਜੇ ਦੇ ਕਰੀਬ ਪੁਲਸ ਨੇ ਉਸ ਘਰ ਨੂੰ ਘੇਰਾ ਪਾ ਲਿਆ। ਐੱਸ ਐੱਸ ਪੀ ਦਿਆਮਾ ਹਰੀਸ਼ ਕੁਮਾਰ ਅਤੇ ਬਟਾਲਾ ਦੀ ਐੱਸ ਐੱਸ ਪੀ ਅਸ਼ਵਿਨੀ ਗੋਟਿਆਲ ਵੀ ਮੌਕੇ 'ਤੇ ਮੌਜੂਦ ਸਨ। ਪੁਲਸ ਨੇ ਭੁਪਿੰਦਰ ਸਿੰਘ ਨੂੰ ਆਤਮਸਮਰਪਣ ਕਰਨ ਲਈ ਕਿਹਾ। ਪਰ ਉਸ ਨੇ ਨਾਂਹ ਕਰ ਦਿੱਤੀ। ਪੁਲਸ ਵੱਲੋਂ ਵਾਰ-ਵਾਰ ਸਮਝਾਉਣ ਮਗਰੋਂ ਉਸ ਨੇ ਕੁੜੀ ਨੂੰ ਤਾਂ ਆਜ਼ਾਦ ਕਰ ਦਿੱਤਾ ਪਰ ਆਤਮਸਮਰਪਣ ਕਰਨ ਤੋਂ ਨਾਂਹ ਕਰ ਦਿੱਤੀ। ਸ਼ਾਮ ਸਾਢੇ ਪੰਜ ਵਜੇ ਭੁਪਿੰਦਰ ਸਿੰਘ ਨੇ ਖੁਦ ਨੂੰ ਤਿੰਨ ਗੋਲੀਆਂ ਮਾਰ ਕੇ ਆਤਮਹੱਤਿਆ ਕਰ ਲਈ। ਅਗਵਾ ਕੀਤੀ ਗਈ ਕੁੜੀ ਨੂੰ ਸੁਰਖਿੱਅਤ ਬਚਾ ਕੇ ਉਸ ਦੇ ਪਰਿਵਾਰ ਨੂੰ ਸੌਂਪ ਦਿੱਤਾ। ਭੁਪਿੰਦਰ ਸਿੰਘ ਦਾ ਦੂਸਰਾ ਬੇਟਾ ਗੁਰਲੀਨ ਸਿੰਘ ਕੈਨੇਡਾ 'ਚ ਪੜ੍ਹਾਈ ਕਰਦਾ ਦੱਸਿਆ ਗਿਆ ਹੈ। ਬਲਪ੍ਰੀਤ ਵੀ ਵਿਦੇਸ਼ ਜਾਣ ਵਾਲਾ ਸੀ। ਕੁਝ ਪਿੰਡ ਵਾਸੀਆਂ ਨੇ ਦੱਸਿਆ ਕਿ ਭੁਪਿੰਦਰ ਸਿੰਘ ਕਾਫੀ ਦੇਰ ਤੋਂ ਡਿਪਰੈਸ਼ਨ ਦਾ ਸ਼ਿਕਾਰ ਸੀ।

ਕਾਰੋਬਾਰੀਆਂ ਨੂੰ ਬਲੈਕਮੇਲ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ

ਲੁਧਿਆਣਾ : ਸ਼ਹਿਰ ਦੇ ਕਾਰੋਬਾਰੀਆਂ ਨੂੰ ਫਸਾਉਣ ਵਾਲੀ ਕਥਿਤ ਬਲੈਕਮੇਲਰ ਨੂੰ ਪੁਲਸ ਨੇ ਫੜ ਲਿਆ ਹੈ। ਦੱਸਿਆ ਜਾਂਦਾ ਹੈ ਕਿ ਉਹ ਅੱਧ-ਨਗਨ ਹੋ ਕੇ ਇੰਸਟਾਗ੍ਰਾਮ 'ਤੇ ਰੀਲ ਪਾ ਕੇ ਕਾਰੋਬਾਰੀਆਂ ਨੂੰ ਫਸਾਉਂਦੀ ਸੀ। ਫਿਰ ਉਹ ਉਨ੍ਹਾਂ ਨਾਲ ਗੱਲ ਕਰਦੀ ਅਤੇ ਉਸ ਦੀ ਨਗਨ ਫੋਟੋ ਭੇਜਦੀ। 'ਹਨੀਟ੍ਰੈਪ' ਵਿਚ ਫਸਣ ਤੋਂ ਬਾਅਦ ਉਹ ਬਲੈਕਮੇਲ ਕਰਨਾ ਸ਼ੁਰੂ ਕਰ ਦਿੰਦੀ। ਜੇਕਰ ਕੋਈ ਪੈਸੇ ਨਾ ਦਿੰਦਾ ਤਾਂ ਉਸ ਨੂੰ ਗੈਂਗਸਟਰਾਂ ਵੱਲੋਂ ਧਮਕੀਆਂ ਮਿਲਦੀਆਂ ਸਨ। ਲੁਧਿਆਣਾ ਪੁਲਸ ਨੇ ਜਸਨੀਤ ਕੌਰ ਉਰਫ ਰਾਜਵੀਰ ਦੇ ਇਸ ਇੰਸਟਾਗ੍ਰਾਮ ਇੰਫਲੂਐਂਸਰ ਨੂੰ ਗ੍ਰਿਫਤਾਰ ਕੀਤਾ ਹੈ। ਉਸ ਨੂੰ 2 ਦਿਨ ਦੇ ਪੁਲਸ ਰਿਮਾਂਡ 'ਤੇ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਉਸ ਦੇ ਇੰਸਟਾਗ੍ਰਾਮ ਅਕਾਊਂਟ ਨੂੰ ਵੀ ਸਕੈਨ ਕੀਤਾ ਜਾ ਰਿਹਾ ਹੈ। ਪੁਲਸ ਮੁਤਾਬਕ ਉਸ ਦੇ ਕਰੀਬ 2 ਲੱਖ ਫਾਲੋਅਜ਼ ਦਾ ਪਤਾ ਲੱਗਾ ਹੈ। ਜਸਨੀਤ ਦੇ ਨਾਲ ਇੱਕ ਕਾਂਗਰਸੀ ਆਗੂ ਲੱਕੀ ਸੰਧੂ ਵੀ ਇਸ ਕੰਮ 'ਚ ਮਦਦਗਾਰ ਨਿਕਲਿਆ। ਜਸਨੀਤ ਕੌਰ ਸੰਗਰੂਰ ਦੀ ਰਹਿਣ ਵਾਲੀ ਹੈ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਬਾਅਦ ਉਸ ਨੇ ਪੈਸੇ ਕਮਾਉਣ ਲਈ ਇੰਸਟਾਗ੍ਰਾਮ 'ਤੇ ਰੀਲਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਉਸ ਨੂੰ ਉਮੀਦ ਸੀ ਕਿ ਇਸ ਨਾਲ ਉਸ ਦੇ ਫਾਲੋਅਰਜ਼ ਵਧਣਗੇ ਅਤੇ ਉਹ ਮਸ਼ਹੂਰ ਹੋਣ ਦੇ ਨਾਲ-ਨਾਲ ਮੋਟੀ ਕਮਾਈ ਵੀ ਕਰੇਗੀ। ਪੁਲਸ ਨੇ ਜਦੋਂ ਮਾਮਲੇ ਦੀ ਪੜਤਾਲ ਕੀਤੀ ਤਾਂ ਪਤਾ ਲੱਗਿਆ ਕਿ ਕੀ ਧਮਕੀਆਂ ਦੇਣ ਵਾਲਾ ਵਿਅਕਤੀ ਜਸਨੀਤ ਕੌਰ ਦੇ ਨਾਲ ਮਿਲਿਆ ਹੋਇਆ ਹੈ।

ਬਰਫ ਖਿਸਕਣ ਨਾਲ 7 ਸੈਲਾਨੀਆਂ ਦੀ ਮੌਤ

ਗੰਗਟੋਕ : ਸਿੱਕਮ ਦੀ ਰਾਜਧਾਨੀ ਗੰਗਟੋਕ ਕੋਲ ਮੰਗਲਵਾਰ ਬਰਫ ਖਿਸਕਣ ਕਾਰਨ 7 ਸੈਲਾਨੀਆਂ ਦੀ ਮੌਤ ਹੋ ਗਈ ਤੇ 11 ਜ਼ਖਮੀ ਹੋ ਗਏ। ਇਹ ਹਾਦਸਾ ਦਿਨੇ 12 ਵੱਜ ਕੇ 20 ਮਿੰਟ ਦੇ ਕਰੀਬ ਚੀਨ ਨਾਲ ਲੱਗਦੇ ਨਾਥੂ ਲਾ ਨੂੰ ਜੋੜਦੇ ਜਵਾਹਰ ਲਾਲ ਨਹਿਰੂ ਮਾਰਗ 'ਤੇ ਵਾਪਰਿਆ।

ਹਾਦਸੇ ਵਾਲੇ ਇਲਾਕੇ 'ਚ 13ਵੇਂ ਮਾਈਲਸਟੋਨ ਤੱਕ ਜਾਣ ਦਾ ਪਾਸ ਜਾਰੀ ਕੀਤਾ ਜਾਂਦਾ ਹੈ। ਇਸ ਦੇ ਅੱਗੇ ਨਹੀਂ ਜਾ ਸਕਦੇ। ਦੱਸਿਆ ਜਾ ਰਿਹਾ ਹੈ ਕਿ ਸੈਲਾਨੀ 14ਵੇਂ ਮਾਈਲਸਟੋਨ ਤੱਕ ਚਲੇ ਗਏ ਸਨ। ਬਾਰਡਰ ਰੋਡ ਆਰਗੇਨਾਈਜ਼ੇਸ਼ਨ (ਬੀ ਆਰ ਓ) ਨੇ ਤੁਰੰਤ ਬਚਾਅ ਅਪ੍ਰੇਸ਼ਨ ਸ਼ੁਰੂ ਕਰ ਦਿੱਤਾ ਸੀ। 22 ਲੋਕਾਂ ਨੂੰ ਛੇਤੀ ਬਚਾਅ ਲਿਆ ਗਿਆ। ਇਨ੍ਹਾਂ ਵਿੱਚੋਂ 6 ਨੂੰ ਡੂੰਘੀ ਘਾਟੀ ਵਿਚੋਂ ਕੱਢਿਆ ਗਿਆ। ਰੱਖਿਆ ਸੂਤਰਾਂ ਮੁਤਾਬਕ 25-30 ਲੋਕ ਫਸ ਗਏ ਸਨ। ਬਰਫ ਖਿਸਕਣ ਦੀ ਭਵਿੱਖਬਾਣੀ ਨਹੀਂ ਹੁੰਦੀ। ਵਿਗਿਆਨੀ ਸਿਰਫ ਬਰਫ ਦੇ ਢੇਰ, ਤਾਪਮਾਨ ਤੇ ਹਵਾ ਦੀ ਹਾਲਤ ਨਾਲ ਬਰਫ ਖਿਸਕਣ ਦਾ ਅਨੁਮਾਨ ਹੀ ਲਾਉਂਦੇ ਹਨ।

ਟਰੰਪ ਪੇਸ਼ੀ 'ਤੇ ਪੁੱਜਾ

ਨਿਊਯਾਰਕ : ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਮੈਨਹਟਨ ਦੀ ਅਦਾਲਤ 'ਚ ਪੇਸ਼ ਹੋਣ ਲਈ ਨਿਊ ਯਾਰਕ ਪਹੁੰਚੇ। ਰਿਪਬਲਿਕਨ ਸੰਸਦ ਮੈਂਬਰਾਂ ਨੇ ਦੋਸ਼ਾਂ ਨੂੰ ਸਿਆਸੀ ਤੌਰ 'ਤੇ ਪ੍ਰੇਰਿਤ ਕਰਾਰ ਦਿੱਤਾ, ਜਦਕਿ ਸੱਤਾਧਾਰੀ ਡੈਮੋਕਰੇਟਸ ਨੇ ਜ਼ੋਰ ਦੇ ਕੇ ਕਿਹਾ ਕਿ ਕੋਈ ਵੀ ਵਿਅਕਤੀ ਕਾਨੂੰਨ ਤੋਂ ਉੱਪਰ ਨਹੀਂ ਹੈ। ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਟਰੰਪ ਦੀ ਦੇਖ ਦੇਖ ਮੱਦੇਨਜ਼ਰ ਚੌਕਸ ਰਹਿਣ ਅਤੇ ਕਿਸੇ ਵੀ ਹਿੰਸਾ ਜਾਂ ਭੰਨਤੋੜ ਨੂੰ ਰੋਕਣ ਅਤੇ ਅਜਿਹੇ ਵਿਹਾਰ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ।

ਪਿਛਲੇ ਹਫਤੇ ਮੈਨਹਟਨ ਗ੍ਰੈਂਡ ਜਿਊਰੀ ਵੱਲੋਂ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਟਰੰਪ ਦੀ ਪੇਸ਼ੀ ਸੀ।

ਗਹਿਲੋਤ, ਵਸੁੰਧਰਾ ਤੇ ਆਕਾਸ਼ ਚੋਪੜਾ ਕੋਰੋਨਾ ਪਾਜ਼ੇਟਿਵ

ਨਵੀਂ ਦਿੱਲੀ : ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ, ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਤੇ ਭਾਰਤ ਦੇ ਸਾਬਕਾ ਕ੍ਰਿਕਟ ਖਿਡਾਰੀ ਆਕਾਸ਼ ਚੋਪੜਾ ਕੋਰੋਨਾ ਪਾਜ਼ੇਟਿਵ ਆਏ ਹਨ। ਇਸ ਤੋਂ ਇਲਾਵਾ ਛੱਤੀਸਗੜ੍ਹ ਵਿਚ ਇਕ ਹੋਸਟਲ 'ਚ 19 ਵਿਦਿਆਰਥਣਾਂ ਕੋਰੋਨਾ ਪਾਜ਼ੇਟਿਵ ਮਿਲੀਆਂ ਹਨ। ਇਨ੍ਹਾਂ ਸਾਰੀਆਂ ਵਿਦਿਆਰਥਣਾਂ ਨੂੰ ਇਕਾਂਤਵਾਸ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿਦਿਆਰਥਣਾਂ ਦੇ ਸੰਪਰਕ ਵਿਚ ਆਈਆਂ ਹੋਰ ਵਿਦਿਆਰਥਣਾਂ ਦੀ ਵੀ ਸਿਹਤ ਦੀ ਜਾਂਚ ਕੀਤੀ ਜਾ ਰਹੀ ਹੈ।

ਦੇਸ਼ ਵਿਚ ਇਕ ਦਿਨ ਵਿਚ ਕੋਰੋਨਾ ਦੇ 3,038 ਨਵੇਂ ਮਾਮਲੇ ਆਉਣ ਤੋਂ ਬਾਅਦ ਕੋਵਿਡ ਮਰੀਜ਼ਾਂ ਦੀ ਗਿਣਤੀ 4,47,29,284 ਹੋ ਗਈ ਹੈ। ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ ਵਧ ਕੇ 21,179 ਹੋ ਗਈ ਹੈ। ਕੇਂਦਰੀ ਸਿਹਤ ਮੰਤਰਾਲੇ ਵੱਲੋਂ ਮੰਗਲਵਾਰ ਸਵੇਰੇ 8 ਵਜੇ ਜਾਰੀ ਕੀਤੇ ਅੰਕੜਿਆਂ ਅਨੁਸਾਰ ਵਾਇਰਸ ਕਾਰਨ ਦਿੱਲੀ ਅਤੇ ਪੰਜਾਬ 'ਚ ਦੋ-ਦੋ ਅਤੇ ਜੰਮੂ-ਕਸ਼ਮੀਰ, ਮਹਾਰਾਸ਼ਟਰ ਤੇ ਉੱਤਰਾਖੰਡ 'ਚ ਇੱਕ-ਇੱਕ ਮਰੀਜ਼ ਦੀ ਮੌਤ ਹੋਣ ਤੋਂ ਬਾਅਦ ਮਰਨ ਵਾਲਿਆਂ ਦੀ ਗਿਣਤੀ ਵਧ ਕੇ 5, 30,901 ਹੋ ਗਈ ਹੈ।

- **ਛੱਤੀਸਗੜ੍ਹ ਦੇ ਹੋਸਟਲ 'ਚ 19 ਵਿਦਿਆ

5-APRIL-PAGE-1.qxd 4/4/2023 10:34 PM Page 2

ਦੇਸ਼ ਭਗਤ ਗਲੋਬਲ ਸਕੂਲ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ

ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)- ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਯੂਨਾਈਟਿਡ ਗਰੁੱਪ ਦੇ ਚਾਂਸਲਰ ਡਾਕਟਰ ਜੋਰਾ ਸਿੰਘ ਤੇ ਵਾਇਸ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਤੇ ਸਕੂਲ ਦੇ ਪ੍ਰਿੰਸੀਪਲ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ 3 ਅਪ੍ਰੈਲ ਨੂੰ ਨਵੇਂ ਸੈਸ਼ਨ (2023-2024) ਸ਼ੁਰੂਆਤ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਕੀਤੀ ਗਈ। ਇਸ ਮੌਕੇ ਦੇਸ਼ ਭਗਤ ਕੈਂਪਸ ਦੇ ਸੁਪਰਡੈਂਟ ਮੇਜਰ ਚੰਦ, ਦੇਸ਼ ਭਗਤ ਕੈਂਪਸ ਦੇ ਕਲਰਕ ਨਵਦੀਪ ਸਿੰਘ, ਦੇਸ਼ ਭਗਤ ਕੈਂਪਸ ਦੇ ਸੁਪਰਵਾਈਜ਼ਰ ਦਿਲਬਾਗ ਸਿੰਘ ਬਾਗੀ, ਮਾਤਾ ਜਰਨੈਲ ਕੌਰ ਪੈਰਾ-ਮੈਡੀਕਲ ਸਾਇੰਸਜ਼ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਮੈਡਮ ਰੁਪਿੰਦਰ ਬੁੱਟਰ, ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਮੈਡਮ ਪਰਮਪ੍ਰੀਤ ਕੌਰ ਸਮੂਹ ਸਟਾਫ ਤੇ ਵਿਦਿਆਰਥੀ ਸ਼ਾਮਲ ਸਨ। ਸਾਰੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਮਿਲ ਕੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਅਸੀਂ ਨਵੇਂ ਸੈਸ਼ਨ ਵਿੱਚ ਪੂਰੀ ਮਿਹਨਤ ਕਰਕੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰ ਸਕੀਏ। ਨਵੇਂ ਸੈਸ਼ਨ ਨੂੰ ਮੁੱਖ ਰੱਖਦੇ ਹੋਏ ਸਕੂਲ ਦੀ ਚੜ੍ਹਦੀ ਕਲਾ ਲਈ ਗੁਰੂ ਸਾਹਿਬ ਜੀ ਦਾ ਸ਼ੁਕਰਾਨਾ ਕਰਦੇ ਹੋਏ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਲਾਹੀ ਬਾਣੀ ਦਾ ਕੀਰਤਨ ਕੀਤੇ ਗਏ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪਰਮਪ੍ਰੀਤ ਕੌਰ ਨੇ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਬੱਚਿਆਂ ਨੂੰ ਰੁਹਾਨੀ ਗਿਆਨ ਹੋਣਾ ਵੀ ਜ਼ਰੂਰੀ ਹੈ।

ਫਰੀਡਮ ਫਾਈਟਰ ਉੱਤਰਾਅਧਿਕਾਰੀ ਦੀ ਮੀਟਿੰਗ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਫਰੀਡਮ ਫਾਈਟਰ ਉੱਤਰਾਅਧਿਕਾਰੀ ਜੱਥੇਬੰਦੀ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਮੂਹ ਦੇਸ਼ ਭਗਤਾਂ ਦੇ ਵਾਰਿਸਾਂ ਨੇ ਹਿੱਸਾ ਲਿਆ ਤੇ ਆਪਣੀਆ ਹੱਕੀ ਮੰਗਾਂ ਪ੍ਰਤੀ ਵਿਚਾਰ ਵਿਟਾਦਰਾਂ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਨੇ ਕਿਹਾ ਕਿ ਪਿਛਲੇ ਦਿਨੀਂ 11 ਮਾਰਚ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਕੋਠੀ ਅੱਗੇ ਸੰਗਰੂਰ ਵਿਖੇ ਦੇਸ਼ ਭਗਤ ਪਰਿਵਾਰਾ ਨੇ ਪੰਜਾਬ ਪੱਧਰੀ ਧਰਨਾ ਲਗਾਇਆ ਸੀ ਤੇ ਕਾਫੀ ਜੱਦੋਂ ਜਹਿਦ ਤੋਂ ਬਆਦ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਨੇ ਲਿਖਤੀ ਤੌਰ 'ਤੇ ਮੁੱਖ ਮੰਤਰੀ ਮਾਨ ਨਾਲ ਕੁੱਝ ਦਿਨਾਂ ਤੱਕ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਤਾਂ ਜਥੇਬੰਦੀ ਦੇ ਸੂਬਾ ਆਗੂਆਂ ਨੇ ਧਰਨਾ ਚੁੱਕਣ ਦਾ ਫੈਸਲਾ ਲਿਆ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਸੰਧੂ ਨੇ ਕਿਹਾ ਕਿ ਆਪ ਸਰਕਾਰ ਨੇ ਪਿਛਲੇ ਦਿਨੀਂ ਸਰਕਾਰੀ ਨੌਕਰੀਆਂ ਵਿੱਚ ਕੋਟੇ ਨੂੰ ਖਤਮ ਕਰਕੇ ਦੇਸ਼ ਭਗਤਾਂ ਦੇ ਵਾਰਿਸਾਂ ਦੇ ਹੱਕਾਂ 'ਤੇ ਡਾਕਾ ਮਾਰਿਆ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਸੀਨੀਅਰ ਮੀਤ ਪ੍ਰਧਾਨ ਰਾਮ ਸਿੰਘ ਮਿੱਡਾ, ਜਰਨਲ ਸਕੱਤਰ ਬਲਜਿੰਦਰ ਸਿੰਘ ਮਧੀਰ, ਜ਼ਿਲ੍ਹਾ ਖਜ਼ਾਨਚੀ ਕੁਲਵੰਤ ਸਿੰਘ ਭਲਾਈਆਣਾ, ਦਫਤਰ ਇੰਚਾਰਜ ਹਰਿੰਦਰ ਸਿੰਘ ਛਾਬੜਾ ਤੇ ਅਮਰਜੀਤ ਸਿੰਘ ਬਾਵਾ, ਜਸਕਰਨ ਸਿੰਘ ਜੱਸੋਆਣਾ, ਦਰਸ਼ਨ ਸਿੰਘ ਕਾਉਣੀ, ਮੁਖਤਿਆਰ ਸਿੰਘ, ਗੁਰਤੇਜ ਸਿੰਘ, ਮਨਜੀਤ ਕੌਰ ਆਦਿ ਹਾਜ਼ਰ ਸਨ।

ਸਾਹਿਤ ਸਭਾ ਬਾਘਾ ਪੁਰਾਣਾ ਵੱਲੋਂ ਮਾਸਿਕ ਇਕੱਤਰਤਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਸਾਹਿਤ ਸਭਾ (ਰਜਿ.) ਬਾਘਾ ਪੁਰਾਣਾ ਦੀ ਮਾਸਿਕ ਇਕੱਤਰਤਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਨੇੜੇ ਬੱਸ ਸਟੈਂਡ ਬਾਘਾ ਪੁਰਾਣਾ ਵਿਖੇ ਸਭਾ ਦੇ ਪ੍ਰਧਾਨ ਲਖਵੀਰ ਸਿੰਘ ਕੋਮਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸਭ ਤੋਂ ਪਹਿਲਾਂ ਸਭਾ ਦੇ ਸੀਨੀਅਰ ਮੈਂਬਰ ਜਗਜੀਤ ਸਿੰਘ ਬਾਵਰਾ ਯੂ ਐਸ ਏ ਵੱਲੋਂ ਸਭਾ ਨੂੰ ਆਰਥਿਕ ਸਹਾਇਤਾ ਲਈ ਰਾਸ਼ੀ ਭੇਜਣ ਤੇ ਸਭਾ ਦੇ ਸਮੂਹ ਮੈਂਬਰਾਂ ਵੱਲੋਂ ਧੰਨਵਾਦ ਕੀਤਾ ਗਿਆ। ਸਭਾ ਦੇ ਮੈਂਬਰਾਂ ਸ਼ਿਵ ਢਿੱਲੋਂ, ਐਸ. ਇੰਦਰ ਰਾਜੇਆਣਾ, ਕੰਵਲਜੀਤ ਭੋਲਾ ਲੰਡੇ ਵੱਲੋਂ ਸਭਾ ਦੇ ਸੀਨੀਅਰ ਅਹੁਦੇਦਾਰਾਂ ਨੂੰ ਜਲਦੀ ਸਾਂਝੀ ਪੁਸਤਕ ਪ੍ਰਕਾਸ਼ਤ ਕਰਵਾਉਣ ਲਈ ਵਿਚਾਰ ਪੇਸ਼ ਕੀਤੇ ਗਏ। ਹਰਨੇਕ ਸਿੰਘ ਨੇਕ ਰਾਜੇਆਣਾ ਵੱਲੋਂ ਸਭਾ ਨੂੰ ਵਿਦੇਸ਼ ਜਾ ਕੇ ਵੀ ਹਮੇਸਾਂ ਮੱਦਦ ਕਰਨ ਬਾਰੇ ਵਿਚਾਰ ਸਾਂਝੇ ਕੀਤੇ ਗਏ। ਉਪਰੰਤ ਸਾਗਰ ਸ਼ਰਮਾ, ਡਾਕਟਰ ਧਨਵੰਤ ਸਿੰਘ ਰਾਜੂ, ਕਰਮ ਸਿੰਘ ਕਰਮ, ਐਸ. ਇੰਦਰ ਰਾਜੇਆਣਾ, ਸਾਧੂ ਰਾਮ ਲੰਗੇਆਣਾ, ਜਸਵੰਤ ਜੱਸੀ, ਲਖਵੀਰ ਸਿੰਘ ਕੋਮਲ, ਕਾਮਰੇਡ ਜੋਗਿੰਦਰ ਸਿੰਘ ਨਾਹਰ ਨੱਥੂਵਾਲਾ, ਅਮਰਜੀਤ ਸਿੰਘ ਰਣੀਆਂ, ਸ਼ਿਵ ਢਿੱਲੋਂ, ਸੁਖਚੈਨ ਸਿੰਘ, ਜਗਦੀਸ ਪ੍ਰੀਤਮ, ਕੰਵਲਜੀਤ ਭੋਲਾ ਲੰਡੇ, ਯਸ ਚਟਾਨੀ, ਸੁਰਜੀਤ ਸਿੰਘ ਕਾਲੇਕੇ, ਅਮਰਜੀਤ ਸਿੰਘ ਰਣੀਆਂ, ਸਰਬਜੀਤ ਸਿੰਘ ਸਮਾਲਸਰ, ਹਰਨੇਕ ਸਿੰਘ ਨੇਕ ਰਾਜੇਆਣਾ, ਮੁਕੰਦ ਕਮਲ, ਮਾਸਟਰ ਰਘਬੀਰ ਸਿੰਘ ਲੰਗੇਆਣਾ ਵੱਲੋਂ ਆਪੋ-ਆਪਣੀ ਕਲਮਾਂ ਦੇ ਤਾਜੇ ਕਲਾਮ ਪੇਸ਼ ਕੀਤੇ ਗਏ।

ਜੀ ਨੈਕਸਟ ਅਕੈਡਮੀ ਦੀ ਪਹਿਲੀ ਵਰ੍ਹੇਗੰਢ ਬਣੀ ਯਾਦਗਾਰ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਪਿੰਡ ਸ਼ੁਤਰਾਣਾ ਵਿਖੇ ਚੱਲ ਰਹੀ ਜੀ ਨੈਕਸਟ ਅਕੈਡਮੀ ਨੇ ਆਪਣੀ ਪਹਿਲੀ ਵਰ੍ਹੇਗੰਢ ਮਨਾਈ, ਜਿਸ ਵਿੱਚ ਬੱਚਿਆਂ ਵੱਲੋਂ ਪੇਸ਼ ਕੀਤੇ ਪ੍ਰੋਗਰਾਮਾਂ ਨੇ ਆਏ ਮਹਿਮਾਨਾਂ ਨੂੰ ਕੀਲ ਕੇ ਰੱਖ ਦਿੱਤਾ, ਜਿਸ ਨਾਲ ਅਕੈਡਮੀ ਦੀ ਵਰ੍ਹੇਗੰਢ ਯਾਦਗਾਰ ਬਣ ਗਈ ਹੈ। ਮੈਨੇਜਿੰਗ ਡਾਇਰੈਕਟਰ ਟਿੰਕੂ ਸਿੰਗਲਾ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਬੱਚਿਆਂ ਦੀ ਸਿੱਖਿਆ ਤੇ ਖੇਡਾਂ ਲਈ ਸਕੂਲ ਦੀਆਂ ਵਿਸ਼ੇਸ਼ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਉਪਰੰਤ ਬੱਚਿਆਂ ਵੱਲੋਂ ਕੀਤੀ ਗਈ ਪੇਸਕਾਰੀ ਦੌਰਾਨ ਵਿਸ਼ੇਸ਼ ਗੀਤ ਗਨੇਸ਼ ਵੰਦਨਾ ਤੇ ਸਿੱਖ ਧਰਮ ਨੂੰ ਸਮਰਪਿਤ ਸ਼ਬਦ ਗਾਇਨ ਕੀਤਾ ਗਿਆ। ਜਦਕਿ ਫੌਜ ਵਿੱਚ ਭਰਤੀ ਨੂੰ ਉਤਸ਼ਾਹਤ ਕਰਨ, ਬਾਲ ਮਜ਼ਦੂਰੀ ਰੋਕਣ, ਸ਼ਹੀਦ ਭਗਤ ਸਿੰਘ ਰਾਜਗੁਰੂ ਤੇ ਸੁਖਦੇਵ ਦੇ ਜੀਵਨ ਸਬੰਧੀ ਤੇ ਜੀਵ ਅਤੇ ਵਨ ਦਾ ਸੁਮੇਲ ਜੀਵਨ ਵਿੱਚ ਜੰਗਲ ਦੀ ਲੋੜ ਤੇ ਬੱਚਿਆਂ ਵਿਸ਼ੇਸ਼ ਪੇਸ਼ਕਾਰੀਆਂ ਕੀਤੀਆਂ, ਜਿਨ੍ਹਾਂ ਨੂੰ ਭਰਭੂਰ ਤਾੜੀਆਂ ਨਾਲ ਸਰਾਹਿਆ ਗਿਆ। ਮੌਕੇ ਕਾਰਸੇਵਾ ਵਾਲੇ ਬਾਬੇ ਬੂਟਾ ਸਿੰਘ ਨੇ ਮੁੱਖ ਮਹਿਮਾਨ ਗਾਇਕ ਤੇ ਗੀਤਕਾਰ ਵਿੱਕੀ ਧਾਲੀਵਾਲ ਨੂੰ ਦਰਬਾਰ ਸਾਹਿਬ ਦਾ ਮਾਡਲ ਪੇਸ਼ ਕਰਕੇ ਸਨਮਾਨਤ ਕੀਤਾ। ਹੋਰਨਾਂ ਤੋਂ ਇਲਾਵਾ ਚੇਅਰਮੈਨ ਹੈਪੀ ਕਾਲੇਕਾ, ਹਲਕਾ ਵਿਧਾਇਕ ਦਾ ਲੜਕਾ ਗੁਰਮੀਤ ਸਿੰਘ ਵਿੱਕੀ ਵਾਇਸ ਪ੍ਰੈਜ਼ੀਡੈਂਟ ਸੋਨੀ ਜਲੂਰ, ਜਗਸੀਰ ਧਾਲੀਵਾਲ ਸੰਤੋਖ ਸਿੰਘ, ਸੁਰਿੰਦਰ ਸਿੰਘ ਤੋਂ ਇਲਾਵਾ ਹਨੀ ਮਿੱਤਲ ਵਾਈਸ ਚੇਅਰਮੈਨ ਮਨਜੀਤ ਸਿੰਘ, ਮੁੱਖ ਸਰਪ੍ਰਸਤ ਮੁਕੇਸ਼ ਸਿੰਗਲਾ, ਸਟਾਫ ਮੈਂਬਰਜ਼ ਗਗਨਦੀਪ ਸਿੰਘ ਕਾਲੇਕਾ, ਵੀਰਪਾਲ ਕੌਰ, ਗੁਰਮੀਤ ਕੌਰ, ਰੀਤੂ ਰਾਣੀ, ਮੁਸਕਾਨ, ਨਿਸ਼ਾ, ਅਨੀਤਾ ਰਾਣੀ, ਮਨਪ੍ਰੀਤ ਕੌਰ, ਸੁਨੈਨਾ, ਮਨਦੀਪ ਕੌਰ, ਸੈਂਟੀ ਕੁਮਾਰ, ਅਮਰਜੀਤ ਸਿੰਘ ਆਦਿ ਹਾਜ਼ਰ ਸਨ।

ਯੂ ਕੇ ਇੰਟਰਨੈਸ਼ਨਲ ਸਕੂਲ 'ਚ ਨਵੇਂ ਸੈਸ਼ਨ ਦੀ ਸ਼ੁਰੂਆਤ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਵਿੱਚ ਬੱਚਿਆਂ ਦੇ ਸ਼ਾਨਦਾਰ ਨਤੀਜੇ ਆਉਣ 'ਤੇ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ ਤੇ ਨਵੇਂ ਸੈਸ਼ਨ (2023-24) ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਮੈਡਮ ਡਾ. ਰਾਜਵਿੰਦਰ ਕੌਰ ਨੇ ਪਿਛਲੇ ਸੈਸਨ ਦੇ ਦੌਰਾਨ ਪਹਿਲੇ, ਦੂਜੇ, ਤੀਸਰੇ ਨੰਬਰ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਨੇ ਪਹਿਲੇ, ਦੂਸਰੇ ਤੇ ਤੀਸਰੇ ਨੰਬਰ 'ਤੇ ਆਉਣ ਵਾਲੇ ਤੇ ਬਾਕੀ ਵਿਦਿਆਰਥੀਆਂ ਨੂੰ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਆ। ਉਨ੍ਹਾਂ ਨੂੰ ਤੇ ਉਨ੍ਹਾਂ ਦੇ ਮਾਪਿਆਂ ਨੂੰ ਬਹੁਤ-ਬਹੁਤ ਵਧਾਈ ਦਿੱਤੀ। ਉਨ੍ਹਾਂ ਨੇ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਪ੍ਰਮਾਤਮਾ ਸਾਰੇ ਹੀ ਬੱਚਿਆਂ ਨੂੰ ਸੁਮੱਤ ਬਖਸ਼ਣ ਤੇ ਬੱਚਿਆਂ ਦੀ ਕੀਤੀ ਮਿਹਨਤ ਨੂੰ ਸਫਲ ਕਰਨ। ਇਸ ਖੁਸ਼ੀ ਦੇ ਮੌਕੇ 'ਤੇ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਕੂਲ ਦੇ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਮੂਹ ਸਟਾਫ ਦੇ ਮੈਂਬਰ ਸ਼ਾਮਲ ਸਨ।

ਸਾਂਝੇ ਮਜ਼ਦੂਰ ਮੋਰਚੇ ਵੱਲੋਂ 8 ਮਈ ਨੂੰ ਜਲੰਧਰ 'ਚ ਆਪ ਸਰਕਾਰ ਵਿਰੁੱਧ ਸੂਬਾਈ ਰੈਲੀ ਦਾ ਐਲਾਨ

ਚੰਡੀਗੜ੍ਹ : ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵੱਲੋਂ ਜਲੰਧਰ ਜ਼ਿਮਨੀ ਚੋਣ ਦੌਰਾਨ ਭਗਵੰਤ ਮਾਨ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਅਤੇ ਦਲਿਤਾਂ ਪ੍ਰਤੀ ਵਿਤਕਰੇਬਾਜ਼ੀ ਦਾ ਪਰਦਾਫਾਸ਼ ਕਰਨ ਲਈ 8 ਮਈ ਨੂੰ ਜਲੰਧਰ ਵਿਖੇ ਸੂਬਾਈ ਰੈਲੀ ਅਤੇ ਮੁਜ਼ਾਹਰਾ ਕਰਕੇ ਆਪ ਸਰਕਾਰ ਦੀ ਪਾਜ ਉਘਾੜੀ ਕੀਤੀ ਜਾਵੇਗੀ ਅਤੇ ਰੈਲੀ ਦੌਰਾਨ ਅਕਾਲੀ, ਕਾਂਗਰਸੀ ਤੇ ਬੀ ਜੇ ਪੀ ਅਤੇ ਹੋਰ ਲੋਕ ਵਿਰੋਧੀ ਪਾਰਟੀਆਂ ਦਾ ਪਰਦਾਫਾਸ਼ ਕਰਦਿਆਂ ਮਜ਼ਦੂਰਾਂ ਨੂੰ ਆਪਣਾ ਏਕਾ ਕਾਇਮ ਰੱਖਣ ਤੇ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ਾਂ ਦੇ ਰਾਹ ਪੈਣ ਦਾ ਸੱਦਾ ਦਿੱਤਾ ਜਾਵੇਗਾ। ਇਹ ਫੈਸਲਾ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾਈ ਆਗੂ ਮੱਖਣ ਸਿੰਘ ਰਾਮਗੜ੍ਹ ਦੀ ਪ੍ਰਧਾਨਗੀ ਹੇਠ ਹੋਈ ਸਾਂਝੇ ਮਜ਼ਦੂਰ ਮੋਰਚੇ ਦੀ ਇੱਕ ਅਹਿਮ ਮੀਟਿੰਗ 'ਚ ਲਿਆ ਗਿਆ, ਜਿਸ 'ਚ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਜੋਰਾ ਸਿੰਘ ਨਸਰਾਲੀ, ਪੰਜਾਬ ਖੇਤ ਮਜ਼ਦੂਰ ਸਭਾ ਦੀ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਸੇਲਬਰਾ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਧਰਮਵੀਰ ਹਰੀਗੜ੍ਹ ਅਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰੀ ਤੋਂ ਇਲਾਵਾ ਸ਼ਿੰਗਾਰਾ ਸਿੰਘ ਚੁਹਾਣਕੇ ਕਲਾਂ, ਕਿਰਸਨ ਚੌਹਾਨ ਅਤੇ ਨਾਨਕ ਚੰਦ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ। ਇਹ ਜਾਣਕਾਰੀ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਵੱਲੋਂ ਸਾਂਝੇ ਮੋਰਚੇ ਦੀ ਤਰਫੋਂ ਜਾਰੀ ਕੀਤੇ ਬਿਆਨ ਰਾਹੀਂ ਦਿੱਤੀ ਗਈ। ਉਨ੍ਹਾ ਦੱਸਿਆ ਕਿ 8 ਮਈ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ 'ਚ ਸੂਬਾਈ ਰੈਲੀ ਕਰਨ ਉਪਰੰਤ ਸ਼ਹਿਰ ਦੇ ਅੰਦਰ ਰੋਸ ਮਾਰਚ ਵੀ ਕੱਢਿਆ ਜਾਵੇਗਾ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਨੇ ਐਲਾਨ ਕੀਤਾ ਕਿ 8 ਮਈ ਦੇ ਪ੍ਰਦਰਸ਼ਨ ਤੋਂ ਬਾਅਦ ਵੀ ਜੇਕਰ ਆਪ ਸਰਕਾਰ ਵੱਲੋਂ ਪੇਂਡੂ ਤੇ ਖੇਤ ਮਜ਼ਦੂਰਾਂ ਦੇ ਹੱਕੀ ਮਸਲਿਆਂ ਨੂੰ ਹੱਲ ਨਾ ਕੀਤਾ ਗਿਆ ਤਾਂ 4 ਜੂਨ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਸੰਗਰੂਰ ਕੋਠੀ ਅੱਗੇ ਵਿਸ਼ਾਲ ਧਰਨਾ ਦਿੱਤਾ ਜਾਵੇਗਾ। ਮਜ਼ਦੂਰ ਆਗੂਆਂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਜ਼ਦੂਰ ਜਥੇਬੰਦੀਆਂ ਨੂੰ ਵਾਰ ਵਾਰ ਮੀਟਿੰਗਾਂ ਦੇ ਕੇ ਮੁੱਕਰਿਆ ਜਾ ਰਿਹਾ ਹੈ ਜੋ ਆਪ ਸਰਕਾਰ ਦੇ ਦਲਿਤ ਵਿਰੋਧੀ ਅਤੇ ਮਜ਼ਦੂਰਾਂ ਪ੍ਰਤੀ ਜਮਾਤੀ ਨਫਰਤ ਦਾ ਸਿੱਟਾ ਹੈ। ਉਨ੍ਹਾਂ ਆਖਿਆ ਕਿ ਆਪ ਸਰਕਾਰ ਮਜ਼ਦੂਰਾਂ ਦੇ ਪੱਕੇ ਰੁਜ਼ਗਾਰ ਦੀ ਗਰੰਟੀ ਅਤੇ ਦਿਹਾੜੀ 700 ਰੁਪਏ ਕਰਨ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਜ਼ਮੀਨ ਮਜ਼ਦੂਰਾਂ ਨੂੰ ਸਸਤੇ ਭਾਅ ਠੇਕੇ 'ਤੇ ਦੇਣ ਦੀ ਗਰੰਟੀ ਕਰਨ, ਮਜ਼ਦੂਰਾਂ, ਗਰੀਬ ਕਿਸਾਨਾਂ ਅਤੇ ਔਰਤਾਂ ਸਿਰ ਚੜ੍ਹੇ ਕਰਜ਼ੇ ਮੁਆਫ ਕਰਨ, ਖੁਦਕੁਸ਼ੀ ਪੀੜਤਾਂ ਨੂੰ ਮੁਆਵਜ਼ਾ ਤੇ ਨੌਕਰੀ ਦੇਣ, ਬੇਘਰੇ ਤੇ ਲੋੜਵੰਦਾਂ ਨੂੰ ਪਲਾਟ ਦੇਣ, ਕੱਟੇ ਪਲਾਟਾਂ ਦਾ ਕਬਜ਼ਾ ਦੇਣ, ਪੈਨਸ਼ਨ ਦੀ ਰਾਸ਼ੀ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰਨ, ਦਲਿਤਾਂ 'ਤੇ ਜਬਰ ਬੰਦ ਕਰਨ, ਅੰਦੋਲਨਾਂ ਮਜ਼ਦੂਰਾਂ ਕਿਸਾਨਾਂ 'ਤੇ ਬਣੇ ਕੇਸ ਵਾਪਸ ਲੈਣ ਵਰਗੀਆਂ ਹੱਕੀ ਤੇ ਵਾਜਬ ਮੰਗਾਂ ਮੰਨਣ ਦੀ ਥਾਂ ਗਰੀਬ ਲੋਕਾਂ ਦੇ ਰਾਸ਼ਨ ਕਾਰਡ ਵੱਡੀ ਪੱਧਰ 'ਤੇ ਕੱਟਣ ਦੇ ਰਾਹ ਪੈ ਗਈ ਹੈ। ਉਨ੍ਹਾਂ ਮੰਗ

5-Aoril-PAGE- 3.qxd 4/4/2023 10:43 PM Page 1

ਭਲਕੇ ਕੌਮੀ ਇਨਸਾਫ ਮੋਰਚੇ 'ਚ ਕਰਾਂਗੇ ਭਰਵੀਂ ਸ਼ਮੂਲੀਅਤ: ਪਹੂਵਿੰਡ, ਮਾੜੀਮੇਘਾ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਸ਼ਹੀਦ ਭਾਈ ਤਾਰੂ ਸਿੰਘ ਜੀ ਪੂਹਲਾ (ਭਿੱਖੀਵਿੰਡ) ਦੀ ਮੀਟਿੰਗ ਪਿੰਡ ਚੀਮਾ ਖੁਰਦ ਵਿਖੇ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਨੇ ਭਾਗ ਲਿਆ। ਇਸ ਮੌਕੇ ਆਪਣੇ ਸੰਬੋਧਨ 'ਚ ਜ਼ੋਨ ਪ੍ਰਧਾਨ ਦਿਲਬਾਗ ਸਿੰਘ ਪਹੂਵਿੰਡ ਨੇ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਮੁਹਾਲੀ-ਚੰਡੀਗੜ੍ਹ ਦੀ ਹੱਦ ਉੱਤੇ ਬੰਦੀ ਸਿੰਘਾਂ ਦੀ ਰਿਹਾਈ ਲਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁੰਮ ਹੋਏ 328 ਸਰੂਪਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਸਬੰਧੀ ਲੱਗੇ ਮੋਰਚੇ ਦੀ ਹਮਾਇਤ ਦਾ ਪੂਰਨ ਤੌਰ 'ਤੇ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡੀ ਜਥੇਬੰਦੀ ਸਮੇਂ ਸਮੇਂ ਸਿਰ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕਰਦੀ ਆ ਰਹੀ ਹੈ। ਇਸ ਮੌਕੇ ਉਨ੍ਹਾਂ ਨੇ ਮੰਗ ਕੀਤੀ ਕਿ ਆਪਣੇ ਹਿੱਸੇ ਦੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਬਹਿਬਲ ਕਲ੍ਹਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਗੁੰਮ ਹੋਏ 328 ਸਰੂਪਾਂ ਦੀ ਜਾਣਕਾਰੀ ਜਨਤਕ ਕੀਤੀ ਜਾਵੇ। ਇਸਦੇ ਨਾਲ ਹੀ ਉਨ੍ਹਾਂ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਜਥੇਬੰਦੀ ਮਿਤੀ 6 ਅਪ੍ਰੈਲ ਨੂੰ ਸੂਬਾ ਸੰਗਠਨ ਸਕੱਤਰ ਸੁਖਵਿੰਦਰ ਸਿੰਘ ਸਭਰਾ ਦੀ ਪ੍ਰਧਾਨਗੀ ਹੇਠ ਕਿਸਾਨਾਂ ਦਾ ਵੱਡਾ ਕਾਫਲਾ ਲੈ ਕੇ ਮੁਹਾਲੀ-ਚੰਡੀਗੜ੍ਹ ਵਿਖੇ ਲੱਗੇ ਮੋਰਚੇ ਵਿੱਚ ਸ਼ਮੂਲੀਅਤ ਕਰੇਗੀ। ਇਸ ਮੌਕੇ ਨਿਸ਼ਾਨ ਸਿੰਘ ਮਾੜੀਮੇਘਾ ਅਤੇ ਬਲਿਹਾਰ ਸਿੰਘ ਮਨਿਹਾਲਾ ਨੇ ਕਿਹਾ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਕੋਈ ਵੀ ਸਜ਼ਾ ਨਾ ਦੇਣਾ ਅਤੇ ਬੰਦੀ ਸਿੰਘਾਂ ਨੂੰ ਗੈਰ ਕਾਨੂੰਨੀ ਢੰਗ ਨਾਲ ਜੇਲ੍ਹਾਂ ਅੰਦਰ ਡੱਕਣਾ ਬੇਇਨਸਾਫੀ ਦਾ ਪ੍ਰਤੱਖ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਭਾਵਨਾਵਾਂ ਪ੍ਰਤੀ ਪੰਜਾਬ ਅਤੇ ਕੇਂਦਰ ਸਰਕਾਰ ਬਿਲਕੁਲ ਵੀ ਚਿੰਤਤ ਨਹੀਂ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਰਤੀ ਸਟੇਟ ਇਹ ਦੱਸਣ ਦਾ ਯਤਨ ਕਰੇ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਕਿਹੜੇ ਕਾਨੂੰਨ ਤਹਿਤ ਜੇਲ੍ਹਾਂ ਅੰਦਰ ਡੱਕਿਆ ਹੋਇਆ ਹੈ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਪਿਛਲੇ ਦਿਨੀਂ ਹੋਈ ਗੜੇਮਾਰੀ ਅਤੇ ਬਰਸਾਤ ਕਾਰਨ ਹੋਏ ਨੁਕਸਾਨ ਦੇ ਮੁਆਵਜ਼ੇ ਲਈ ਸਰਕਾਰ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਫਸਲ ਦੇ 100% ਨੁਕਸਾਨ 'ਤੇ ਕਿਸਾਨਾਂ ਨੂੰ ਪ੍ਰਤੀ ਏਕੜ 50 ਹਾਜ਼ਰ ਅਤੇ ਮਜਦੂਰ ਨੂੰ ਮਿਹਨਤਾਨੇ ਦਾ 50% ਮੁਆਵਜ਼ਾ ਦਿੱਤਾ ਜਾਵੇ। ਇਸਦੇ ਨਾਲ ਹੀ ਮੰਡੀਆਂ ਵਿਚ ਖਰੀਦ 'ਤੇ ਬਦਰੰਗੇ ਅਤੇ ਨਮੀ ਦੀਆਂ ਸ਼ਰਤਾਂ ਨਰਮ ਕੀਤੀਆਂ ਜਾਣ। ਇਸ ਮੌਕੇ ਬਚਿੱਤਰ ਸਿੰਘ ਨਵਾਂਪਿੰਡ, ਕੰਵਲਜੀਤ ਸਿੰਘ ਪਹੂਵਿੰਡ, ਸਤਨਾਮ ਸਿੰਘ ਮਨਿਹਾਲਾ, ਅਜਮੇਰ ਸਿੰਘ ਅਮੀਸ਼ਾਹ, ਕਾਰਜ ਸਿੰਘ ਅਮੀਸ਼ਾਹ, ਅਮਰਜੀਤ ਸਿੰਘ ਵਾਂ, ਗੁਰਚਰਨ ਸਿੰਘ ਥੇਹ ਨੌਸ਼ਹਿਰਾ, ਹਰੀ ਸਿੰਘ ਥੇਹ ਨੌਸ਼ਹਿਰਾ, ਨਿਰਵੈਲ ਸਿੰਘ ਚੇਲਾ, ਮਾਨ ਸਿੰਘ ਮਾੜੀਮੇਘਾ, ਬਲਵੀਰ ਸਿੰਘ ਚੀਮਾ, ਬਲਵਿੰਦਰ ਸਿੰਘ ਵਾੜਾ ਠੱਠੀ, ਬਲਜੀਤ ਸਿੰਘ ਚੀਮਾ, ਬਾਜ ਸਿੰਘ ਖਾਲੜਾ, ਬਲਕਾਰ ਸਿੰਘ ਖਾਲੜਾ, ਜਗਜੀਤ ਸਿੰਘ ਮੱਲ੍ਹੀ, ਸੁਖਦੇਵ ਸਿੰਘ ਮੱਲ੍ਹੀ, ਜਸਬੀਰ ਸਿੰਘ ਮਰਗਿੰਦਪੁਰਾ, ਚਾਨਣ ਸਿੰਘ ਮਰਗਿੰਦਪੁਰਾ, ਹੀਰਾ ਸਿੰਘ ਮੱਦਰ, ਰੇਸ਼ਮ ਸਿੰਘ ਮੱਦਰ, ਸੁਖਪਾਲ ਸਿੰਘ ਦੋਦੇ, ਬਲਵਿੰਦਰ ਸਿੰਘ ਦੋਦੇ, ਬਿੱਕਰ ਸਿੰਘ ਮੱਖੀ ਕਲ੍ਹਾਂ, ਗੁਰਨਾਮ ਸਿੰਘ ਮੱਖੀ ਕਲਾਂ, ਜਰਨੈਲ ਸਿੰਘ ਕੱਚਾਪੱਕਾ, ਅਜਮੇਰ ਸਿੰਘ ਕੱਚਾਪੱਕਾ, ਪਾਲ ਸਿੰਘ ਮਨਾਵਾਂ, ਕੁਲਦੀਪ ਸਿੰਘ ਮਨਾਵਾਂ, ਅਜਮੇਰ ਸਿੰਘ ਅਮੀਸ਼ਾਹ, ਕਾਰਜ ਸਿੰਘ ਅਮੀਸ਼ਾਹ, ਹਰਪਾਲ ਸਿੰਘ ਕਲਸੀਆਂ ਆਦਿ ਕਿਸਾਨ ਆਗੂ ਹਾਜ਼ਰ ਸਨ।

ਜਨ ਭਲਾਈ ਸਕੀਮਾਂ ਦਾ ਜਾਇਜ਼ਾ ਲੈਣ ਲਈ ਕਟਾਰੂਚੱਕ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ

ਪਠਾਨਕੋਟ: (ਦਵਿੰਦਰ ਸਿੰਘ)-ਡੀ. ਸੀ. ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿੱਚ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਅਤੇ ਵੱਖ-ਵੱਖ ਵਿਭਾਗਾਂ ਦੇ ਮੁੱਖੀਆਂ ਨਾਲ ਪਿਛਲੇ ਸਾਲ ਦੌਰਾਨ ਕੀਤੇ ਗਏ ਕਾਰਜਾਂ ਦਾ ਜਾਇਜ਼ਾ ਲੈਣ ਅਤੇ ਭਵਿੱਖ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਅਤੇ ਹੋਰ ਪ੍ਰੋਜੈਕਟਾਂ ਦਾ ਜਾਇਜ਼ਾ ਲੈਣ ਲਈ ਵਿਸ਼ੇਸ਼ ਮੀਟਿੰਗ ਕਰਕੇ ਮੌਜੂਦਾ ਸਮੇਂ ਵਿੱਚ ਜਨ ਭਲਾਈ ਸਕੀਮਾਂ ਅਤੇ ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਗਿਆ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ, ਹਰਕਮਲਪ੍ਰੀਤ ਸਿੰਘ ਖੱਖ ਐੱਸਐੱਸਪੀ ਪਠਾਨਕੋਟ, ਵਿਭੂਤੀ ਸ਼ਰਮਾ ਚੇਅਰਮੈਨ ਪੀਟੀਡੀਸੀ, ਰੋਹਿਤ ਸਿਆਲ ਚੇਅਰਮੈਨ ਜ਼ਿਲ੍ਹਾ ਪਲਾਨਿੰਗ ਬੋਰਡ ਪਠਾਨਕੋਟ, ਠਾਕੁਰ ਮਨੋਹਰ ਸਿੰਘ ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ, ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜ਼ਰ ਸਨ।

ਮੀਟਿੰਗ ਦੌਰਾਨ ਸ਼੍ਰੀ ਕਟਾਰੂਚੱਕ ਨੇ ਕਿਹਾ ਕਿ ਅੱਜ ਦੀ ਮੀਟਿੰਗ ਦਾ ਉਦੇਸ਼ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਨੂੰ ਲੈ ਕੇ ਜੋ ਟੀਚੇ ਨਿਰਧਾਰਤ ਕੀਤੇ ਗਏ ਹਨ, ਜਿਹੜੀਆਂ ਯੋਜਨਾਵਾਂ ਪੰਜਾਬ ਸਰਕਾਰ ਨੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬਣਾਈਆਂ ਹਨ ਉਨ੍ਹਾਂ ਯੋਜਨਾਵਾਂ ਨੂੰ ਜ਼ਿਲ੍ਹਾ ਪਠਾਨਕੋਟ ਅੰਦਰ ਪੂਰੀ ਤਰ੍ਹਾਂ ਨਾਲ ਲਾਗੂ ਕਰਨ ਅਤੇ ਚਲ ਰਹੇ ਵਿਕਾਸ ਕਾਰਜਾਂ ਅੰਦਰ ਤੇਜ਼ੀ ਲਿਆਉਣਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਜ), ਹਰਜਿੰਦਰ ਸਿੰਘ ਐੱਸਡੀਐੱਮ. ਧਾਰਕਲ੍ਹਾਂ, ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ-ਕਮ-ਸਹਾਇਕ ਕਮਿਸ਼ਨਰ ਜਨਰਲ, ਵਿਜੈ ਕਟਾਰੂਚੱਕ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਪਠਾਨਕੋਟ, ਅੰਮਿਤ ਮੰਟੂ ਵਿਧਾਨ ਸਭਾ ਹਲਕਾ ਸੁਜਾਨਪੁਰ ਇੰਚਾਰਜ, ਸਾਹਿਬ ਸਿੰਘ ਸਾਬਾ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਨਰੇਸ਼ ਸੈਣੀ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ ਨਰੋਟ ਜੈਮਲ ਸਿੰਘ, ਤਰਸੇਮ ਤਾਰਾਗੜ੍ਹ ਅਤੇ ਸੋਹਣ ਸ਼ਰਮਾ ਆਦਿ ਕਾਰਜਕਰਤਾ ਹਾਜ਼ਰ ਸਨ।

13ਵਾਂ ਗੋਲਡ ਕਬੱਡੀ ਕੱਪ 14 ਨੂੰ : ਬਾਬਾ ਅਮਰੀਕ ਸਿੰਘ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਖਾਲਸਾ ਪੰਥ ਦੇ ਸਿਰਜਨਾ ਦਿਵਸ ਤੇ ਗੁਰਦੁਆਰਾ ਤਪ ਅਸਥਾਨ ਸੰਤ ਬਾਬਾ ਹਜਾਰਾ ਸਿੰਘ ਜੀ ਨਿੱਕੇ ਘੁੰਮਣ ਵਿਖੇ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲੇ ਸਮੂਹ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ 13ਵਾਂ ਗੋਲਡ ਕਬੱਡੀ ਕੱਪ ਕਰਵਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਬੱਡੀ ਦੇ ਵੱਡੇ ਮੈਚ ਹੋਣਗੇ ਅਤੇ ਇਹ ਖਾਲਸਾ ਪੰਥ ਦੇ ਸਿਰਜਨਾ ਦਿਵਸ ਦੀ ਖੁਸ਼ੀ ਵਿੱਚ ਕਬੱਡੀ ਕੱਪ ਕਰਵਾਏ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਬਾਬਾ ਅਮਰੀਕ ਸਿੰਘ ਪਿਛਲੇ ਕਾਫੀ ਲੰਮੇ ਸਮੇਂ ਤੋਂ ਨੌਜਵਾਨ ਪੀੜ੍ਹੀ ਨੂੰ ਨਸ਼ਿਆ ਤੋਂ ਬਚਾਉਣ ਲਈ ਖੇਡਾਂ ਪ੍ਰਤੀ ਜ਼ੋਰ ਦੇ ਰਹੇ ਹਨ ਅਤੇ ਖਿਡਾਰੀਆਂ ਲਈ ਹਾਕੀ ਅਤੇ ਫੁੱਟਬਾਲ ਅਕੈਡਮੀਆਂ ਚਲਾ ਰਹੇ ਹਨ। 13ਵੇਂ ਗੋਲਡ ਕਬੱਡੀ ਕੱਪ ਵਿੱਚ ਪੰਜਾਬ ਦੀਆਂ ਨਾਮਵਰ ਟੀਮਾਂ ਭਾਗ ਲੈ ਰਹੀਆਂ ਹਨ ਜਿਨ੍ਹਾਂ ਵਿੱਚ ਸੰਤ ਬਾਬਾ ਹਜਾਰਾ ਸਿੰਘ ਕਬੱਡੀ ਕਲੱਬ (ਨਿੱਕੇ ਘੁੰਮਣ), ਨੜਾਂਵਾਲੀ ਸਪੋਰਟਸ ਕਲੱਬ, (ਗੁਰਦਾਸਪੁਰ), ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ, (ਹਰਿਆਣਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਅੰਮ੍ਰਿਤਸਰ) ਦੀਆਂ ਟੀਮਾਂ ਦੇ ਮੈਚ ਹੋਣਗੇ ਅਤੇ ਜੇਤੂ ਪਹਿਲੇ ਨੰਬਰ ਦੀ ਟੀਮ ਨੂੰ 1.5 ਲੱਖ ਰੁਪਏ ਅਤੇ ਦੂਸਰੇ ਨੰਬਰ ਦੀ ਟੀਮ ਨੂੰ 1 ਲੱਖ ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਬਾਬਾ ਅਮਰੀਕ ਸਿੰਘ ਨੇ ਦੱਸਿਆ ਕਿ ਇਨ੍ਹਾਂ ਤੋਂ ਬਿਨਾਂ ਪੰਜਾਬ ਅਤੇ ਹਰਿਆਣਾ ਦੀਆਂ ਲੜਕੀਆਂ ਦੇ ਕਬੱਡੀ ਦੇ ਸ਼ੋਅ ਮੈਚ ਵੀ ਹੋਣਗੇ। ਖਾਲਸਾ ਪੰਥ ਦੇ ਜਨਮ ਦਿਹਾੜੇ 'ਤੇ ਅੰਮ੍ਰਿਤ ਸੰਚਾਰ ਵੀ ਹੋਵੇਗੇ।

ਲਿਟਲ ਫਲਾਵਰ ਸਕੂਲ ਧਾਰੀਵਾਲ ਵਿਖੇ ਵਿੱਦਿਅਕ ਵਰ੍ਹਾ ਸ਼ੁਰੂ

ਧਾਰੀਵਾਲ,(ਮਨਦੀਪ ਸਿੰਘ ਵਿੱਕੀ)-ਲਿਟਲ ਫਲਾਵਰ ਕਾਨਵੈਂਟ ਸਕੂਲ ਧਾਰੀਵਾਲ ਵਿਖੇ ਸਕੂਲ ਦੇ ਡਾਇਰੈਕਟਰ ਫਾਦਰ ਜੋਸ ਪਡਿਆਟੀ ਅਤੇ ਪ੍ਰਿੰਸੀਪਲ ਸਿਸਟਰ ਰਜ਼ੀਨਾ ਪੌਲ ਦੀ ਅਗਵਾਈ ਵਿੱਚ ਨਵੇਂ ਸੈਸ਼ਨ 2023-24 ਦੀ ਸ਼ੁਰੂਆਤ ਮੌਕੇ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਸਕੂਲ ਦੇ ਸਮੂਹ ਵਿਦਿਆਰਥੀ ਅਤੇ ਸਟਾਫ ਮੈਂਬਰ ਸ਼ਾਮਲ ਹੋਏ। ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸਕੂਲ ਦੀ ਬਿਹਤਰੀ ਲਈ ਪ੍ਰਾਰਥਨਾ ਕੀਤੀ। ਇਸ ਮੌਕੇ ਡਾਇਰੈਕਟਰ ਫਾਦਰ ਜੋਸ ਪਡਿਆਟੀ ਨੇ ਸੰਬੋਧਨ ਕਰਦਿਆਂ ਕਿਹਾ ਬੱਚੇ ਸਾਡਾ ਅਤੇ ਦੇਸ਼ ਦਾ ਭਵਿੱਖ ਹਨ ਅਤੇ ਬੱਚਿਆਂ ਦੀ ਪੜ੍ਹਾਈ ਵੱਲ ਵਿਸ਼ੇਸ਼ ਦੇਣਾ ਚਾਹੀਦਾ ਹੈ ਤਾਂ ਜੋ ਬੱਚੇ ਪੜ੍ਹ-ਲਿਖ ਕੇ ਦੇਸ਼ ਦੇ ਚੰਗੇ ਨਾਗਰਿਕ ਬਣ ਕੇ ਦੇਸ਼ ਅਤੇ ਸਮਾਜ ਦੀ ਸੇਵਾ ਕਰ ਸਕਣ। ਪ੍ਰਿੰਸੀਪਲ ਸਿਸਟਰ ਰਜ਼ੀਨਾ ਪੌਲ ਨੇ ਕਿਹਾ ਸਿੱਖਿਆ ਤੇ ਗਿਆਨ ਪ੍ਰਾਪਤ ਕਰਨ ਲਈ ਸਾਨੂੰ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ। ਇਸ ਮੌਕੇ ਸਕੂਲ ਦੇ ਡਾਇਰੈਕਟਰ ਫਾਦਰ ਜੋਸ ਪਡਿਆਟੀ ਅਤੇ ਪ੍ਰਿੰਸੀਪਲ ਸਿਸਟਰ ਰਜ਼ੀਨਾ ਪੌਲ ਦੁਆਰਾ ਸ਼ਮ੍ਹਾ ਰੌਸ਼ਨ ਕਰਕੇ ਨਵੇਂ ਵਿੱਦਿਅਕ ਵਰ੍ਹੇ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਿਸਟਰ ਗੀਮਾ ਰੋਜ਼, ਸਿਸਟਰ ਮਰਸੀ, ਪੀ. ਆਰ. ਓ. ਸਵਰਨ ਸਿੰਘ, ਸਟਾਫ ਸੈਕਟਰੀ ਮਧੂ ਕਾਲੀਆ ਆਦਿ ਸਮੇਤ ਸਮੂਹ ਸਟਾਫ ਮੈਂਬਰ ਤੇ ਵਿਦਿਆਰਥੀ ਹਾਜ਼ਰ ਸਨ।

ਖੂਨਦਾਨ ਕੈਂਪ ਅਤੇ ਮੁਫਤ ਮੈਡੀਕਲ ਕੈਂਪ ਲਗਾਇਆ

ਬਲਵਿੰਦਰ ਸਿੰਘ ਧਾਲੀਵਾਲ , ਰਾਜਵੀਰ ਸਿੰਘ

ਸੁਲਤਾਨਪੁਰ ਲੋਧੀ: 3 ਅਪ੍ਰੈਲ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਦੇ 559 ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਤ ਗੁਰਦੁਆਰਾ ਬੇਬੇ ਨਾਨਕੀ ਜੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ ਦੇ ਪ੍ਰਧਾਨ ਵਰੁਣ ਸ਼ਰਮਾ ਦੀ ਅਗਵਾਈ ਹੇਠ ਖੂਨਦਾਨ ਕੈਂਪ ਅਤੇ ਮੁਫਤ ਮੈਡੀਕਲ ਚੈੱਕਅਪ ਕੈਂਪ ਦੁਆਬਾ ਬਲੱਡ ਸੈਂਟਰ ਤੇ ਜੇ, ਜੇ, ਟਰੋਮਾ ਸੈਂਟਰ ਬਿੰਦ ਹਸਪਤਾਲ ਕਪੂਰਥਲਾ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੌਕੇ ਮਰੀਜ਼ਾਂ ਦੇ ਫਰੀ ਟੈਸਟ ਕੀਤੇ ਗਏ । ਇਸ ਮੌਕੇ 50 ਖੂਨਦਾਨੀਆਂ ਵੱਲੋਂ ਖੂਨਦਾਨ ਕੀਤਾ ਗਿਆ ਅਤੇ 250 ਮਰੀਜ਼ਾਂ ਨੇ ਓ ਪੀ ਡੀ ਚੈੱਕਅੱਪ ਕਰਵਾ ਕੇ ਫਾਇਦਾ ਲਿਆ। ਇਸ ਮੌਕੇ ਸਵੇਰੇ ਖੂਨਦਾਨ ਕੈਂਪ ਅਤੇ ਮੈਡੀਕਲ ਕੈਂਪ ਦਾ ਉਦਘਾਟਨ ਸੰਤ ਸੁਖਜੀਤ ਸਿੰਘ ਸੀਚੇਵਾਲ, ਭਾਈ ਗੁਰਦਿਆਲ ਸਿੰਘ ਚਿੱਟੀ ਮੈਨੇਜਰ ਗੁਰਦੁਆਰਾ ਬੇਬੇ ਨਾਨਕੀ ਜੀ, ਨਵਨਿਯੁਕਤ ਡੀ ਐਸ ਪੀ ਬਬਨਦੀਪ ਸਿੰਘ ਵੱਲੋਂ ਸਾਂਝੇ ਤੌਰ 'ਤੇ ਰਿਬਨ ਕੱਟ ਕੇ ਕੀਤਾ ਗਿਆ । ਇਸ ਮੌਕੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਬੇਬੇ ਨਾਨਕੀ ਚੈਰੀਟੇਬਲ ਟਰੱਸਟ ਦੇ ਪ੍ਰਧਾਨ ਤਰਲੋਚਨ ਸਿੰਘ ਚਾਨਾ, ਗੁਰਦੁਆਰਾ ਬੇਬੇ ਨਾਨਕੀ ਜੀ ਦੇ ਮੈਨੇਜਰ ਗੁਰਦਿਆਲ ਸਿੰਘ , ਮੈਨੇਜਰ ਜਸਵੰਤ ਸਿੰਘ ਨੱਢਾ , ਸਕੱਤਰ ਜੇਪੀ ਨੱਢਾ , ਥਾਣਾ ਮੁਖੀ ਸੁਲਤਾਨਪੁਰ ਲੋਧੀ ਜਸਪਾਲ ਸਿੰਘ, ਥਾਣਾ ਮੁਖੀ ਕਬੀਰਪੁਰ ਲਖਵਿੰਦਰ ਸਿੰਘ , ਬਾਬਾ ਜਸਪਾਲ ਸਿੰਘ ਨੀਲਾ, ਬੀਬੀ ਗੁਰਪ੍ਰੀਤ ਕੌਰ ਰੂਹੀ ਮੈਂਬਰ ਸ਼੍ਰੋਮਣੀ ਕਮੇਟੀ, ਮੈਨੇਜਰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸਤਿੰਦਰ ਸਿੰਘ ਬਾਜਵਾ, ਇੰਜ ਸਵਰਨ ਸਿੰਘ, ਡਾ. ਰਵਿੰਦਰਪਾਲ ਐਸ ਐਮ ਓ ਸੁਲਤਾਨਪੁਰ ਲੋਧੀ, ਬੀਬੀ ਬਿਮਲਾ ਇੰਗਲੈਂਡ ਵਾਲੇ, ਜ਼ਿਲ੍ਹਾ ਕਪੂਰਥਲਾ ਪ੍ਰਧਾਨ ਕਿਸਾਨ ਵਿੰਗ ਕਰਮਜੀਤ ਸਿੰਘ ਕੌੜਾ ਨੇ ਸ਼ਮੂਲੀਅਤ ਕੀਤੀ ਅਤੇ ਸਮੂਹ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ ਜੀ ਦੇ 559 ਵੇਂ ਪ੍ਰਕਾਸ਼ ਉਤਸਵ 'ਤੇ ਵਧਾਈ ਦਿੱਤੀ। ਇਸ ਸਮੇਂ ਖੂਨਦਾਨ ਕਰਨ ਵਾਲਿਆਂ ਨੂੰ ਸਨਮਾਨ ਚਿੰਨ

5-April-PAGE-4.qxd 4/4/2023 10:43 PM Page 1

ਨਵਾਂ ਜ਼ਮਾਨਾ
ਬੁੱਧਵਾਰ, 5 ਅਪ੍ਰੈਲ 2023

ਨਫ਼ਰਤੀ ਸੋਚ ਹਿੰਦੂ ਸਮਾਜ ਲਈ ਆਤਮਘਾਤੀ

ਰਾਮ ਨੌਮੀ ਦੇ ਮੌਕੇ ਉੱਤੇ ਦੇਸ਼ ਭਰ ਵਿੱਚ ਹਿੰਦੂਤਵੀਆਂ ਵੱਲੋਂ ਕੱਢੇ ਗਏ ਜਲੂਸਾਂ ਦੌਰਾਨ 2022 ਵਾਂਗ ਇਸ ਵਾਰ ਵੀ ਹਿੰਸਾ ਭੜਕਾਉਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਮਹਾਰਾਸ਼ਟਰ ਤੋਂ ਲੈ ਕੇ ਪੱਛਮੀ ਬੰਗਾਲ ਤੇ ਬਿਹਾਰ ਤੋਂ ਲੈ ਕੇ ਹਰਿਆਣਾ ਤੱਕ ਮੁਸਲਮਾਨਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਭੜਕਾਊ ਭਾਸ਼ਣ, ਤਲਵਾਰਾਂ ਲਹਿਰਾਉਣ, ਮਸਜਿਦਾਂ ਉੱਤੇ ਹਮਲਿਆਂ ਦੀਆਂ ਘਟਨਾਵਾਂ ਲੱਗਭੱਗ ਹਰ ਰਾਜ ਵਿੱਚ ਵਾਪਰੀਆਂ ਤੇ ਰਾਮ ਨੌਮੀ ਖ਼ਤਮ ਹੋਣ ਤੋਂ ਬਾਅਦ ਵੀ ਵਾਪਰ ਰਹੀਆਂ ਹਨ।

ਇਸ ਸਮਾਜ ਵਿਰੋਧੀ ਵਰਤਾਰੇ ਦੀ ਸ਼ੁਰੂਆਤ 28 ਮਾਰਚ ਦੀ ਰਾਤ ਮਹਾਰਾਸ਼ਟਰ ਦੇ ਜਲਗਾਂਵ ਜ਼ਿਲ੍ਹੇ ਦੇ ਪਾਲਸੀ ਵਿਖੇ ਇੱਕ ਮਸਜਿਦ ਦੇ ਸਾਹਮਣੇ ਜਲੂਸ ਕੱਢੇ ਜਾਣ ਤੋਂ ਹੋਈ। ਇਸ ਮੌਕੇ ਹੋਈ ਹਿੰਸਾ ਵਿੱਚ ਦੋਵੇਂ ਪਾਸਿਆਂ ਦੇ ਲੋਕ ਫੱਟੜ ਹੋਏ।

ਇਸ ਉਪਰੰਤ ਇਹੋ ਅੱਗ ਝਾਰਖੰਡ ਵਿੱਚ ਪਹੁੰਚ ਗਈ। ਪੂਰਬੀ ਸਿੰਘਭੂਮ ਜ਼ਿਲ੍ਹੇ ਵਿੱਚ ਵੀ ਰਾਮ ਨੌਮੀ ਜਲੂਸ ਦੌਰਾਨ ਮੁਸਲਮਾਨਾਂ ਵਿਰੁੱਧ ਭੜਕਾਊ ਨਾਅਰੇ ਲਾਏ ਗਏ ਤੇ ਮਸਜਿਦਾਂ ਸਾਹਮਣੇ ਗਾਣੇ ਵਜਾਏ ਗਏ। ਕਈ ਥਾਈਂ ਮਸਜਿਦਾਂ ਉੱਤੇ ਭਗਵਾ ਝੰਡੇ ਲਹਿਰਾ ਦਿੱਤੇ ਗਏ। ਪੱਥਰਬਾਜ਼ੀ ਕੀਤੀ ਗਈ ਤੇ ਘਰਾਂ, ਦੁਕਾਨਾਂ ਨੂੰ ਅੱਗਾਂ ਲਾਈਆਂ ਗਈਆਂ।

ਇਸੇ ਤਰ੍ਹਾਂ ਪੱਛਮੀ ਬੰਗਾਲ ਵਿੱਚ ਵੀ ਲਗਾਤਾਰ ਹਿੰਸਾ ਜਾਰੀ ਹੈ। ਰਾਮ ਨੌਮੀ ਦੇ ਜਲੂਸਾਂ ਤੋਂ ਸ਼ੁਰੂ ਹੋਇਆ ਇਹ ਸਿਲਸਿਲਾ ਭਾਜਪਾਈਆਂ ਵੱਲੋਂ ਲਗਾਤਾਰ ਕੱਢੇ ਜਾ ਰਹੇ ਜਲੂਸਾਂ ਰਾਹੀਂ ਜ਼ਿੰਦਾ ਰੱਖਿਆ ਜਾ ਰਿਹਾ ਹੈ। ਭਾਜਪਾ ਦੇ ਸਾਂਸਦ ਤੇ ਵਿਧਾਇਕ ਇਨ੍ਹਾਂ ਹਿੰਸਕ ਜਲੂਸਾਂ ਦੀ ਅਗਵਾਈ ਕਰ ਰਹੇ ਹਨ। ਹਾਵੜਾ ਤੇ ਹੁਗਲੀ ਜ਼ਿਲ੍ਹੇ ਹਿੰਸਾ ਦੀ ਸਭ ਤੋਂ ਵੱਧ ਲਪੇਟ ਵਿੱਚ ਆਏ ਹਨ।

ਬਿਹਾਰ ਵਿੱਚ ਸੱਤਾ ਤੋਂ ਬੇਦਖਲ ਹੋਣ ਤੋਂ ਬਾਅਦ ਭਾਜਪਾ ਨੇ ਫਿਰਕੂ ਧਰੁਵੀਕਰਨ ਲਈ ਰਾਮ ਨੌਮੀ ਦੇ ਜਲੂਸ ਨੂੰ ਵਿਸ਼ੇਸ਼ ਤੌਰ ਉੱਤੇ ਚੁਣਿਆ ਹੈ। ਜਲੂਸ ਦੀ ਆੜ ਵਿੱਚ ਬਿਹਾਰ ਸ਼ਰੀਫ਼, ਸਾਸਾਰਾਮ ਤੇ ਗਯਾ ਆਦਿ ਥਾਵਾਂ ਵਿੱਚ ਗਿਣੀ-ਮਿਥੀ ਸਾਜ਼ਿਸ਼ ਅਧੀਨ ਦੰਗੇ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ। ਬਿਹਾਰ ਸ਼ਰੀਫ਼ ਸਭ ਤੋਂ ਵੱਧ ਫਿਰਕੂ ਅੱਗ ਵਿੱਚ ਝੁਲਸਿਆ ਹੈ। ਹਥਿਆਰਬੰਦ ਹੋ ਕੇ ਜਲੂਸ ਕੱਢਿਆ ਗਿਆ। ਗਗਨ ਦੀਵਾਨ ਮੁਹੱਲੇ ਵਿਚਲੀ ਮਸਜਿਦ ਉੱਤੇ ਪੱਥਰਬਾਜ਼ੀ ਕਰਕੇ ਹਾਲਾਤ ਵਿਗਾੜੇ ਗਏ। ਗੁੰਡਿਆਂ ਦੀ ਭੀੜ ਨੇ ਮੁਸਲਮਾਨਾਂ ਦੇ ਮੁਹੱਲੇ ਵਿੱਚ ਘਰਾਂ ਤੇ ਗੱਡੀਆਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਸਿੱਖਿਆ ਅਦਾਰੇ ਸੋਬਰਾ ਕਾਲਜ ਤੇ 100 ਸਾਲ ਪੁਰਾਣੇ ਜਿਜੀਆ ਮਦਰੱਸੇ ਨੂੰ ਅੱਗ ਲਾ ਕੇ ਤਬਾਹ ਕਰ ਦਿੱਤਾ ਗਿਆ। ਮਦਰੱਸੇ ਵਿੱਚ ਪਏ ਧਾਰਮਕ ਗਰੰਥ, ਡਿਗਰੀਆਂ, ਕੰਪਿਊਟਰ ਤੇ ਬਾਕੀ ਸਭ ਕੁਝ ਸੜ ਕੇ ਸਵਾਹ ਹੋ ਗਿਆ। ਸਿਟੀ ਪੈਲਸ, ਏਸ਼ੀਆ ਹੋਟਲ ਸਮੇਤ ਸੈਂਕੜੇ ਦੁਕਾਨਾਂ ਸਾੜ ਕੇ ਸਵਾਹ ਕਰ ਦਿੱਤੀਆਂ ਗਈਆਂ।

ਰਾਮ ਨੌਮੀ ਦੇ ਦੇਸ਼ ਭਰ ਵਿੱਚ ਕੱਢੇ ਗਏ ਜਲੂਸਾਂ ਵਿੱਚ ਇਹ ਗੱਲ ਇੱਕੋ ਜਿਹੀ ਸੀ ਕਿ ਹਰ ਜਲੂਸ ਵਿੱਚ ਹਿੰਦੂ ਮੁਸ਼ਟੰਡੇ ਲਾਠੀਆਂ, ਹਾਕੀਆਂ, ਤਲਵਾਰਾਂ ਤੇ ਬੰਦੂਕਾਂ ਲੈ ਕੇ ਸ਼ਾਮਲ ਹੋਏ। ਹਰ ਜਲੂਸ ਮੁਸਲਮਾਨਾਂ ਨੂੰ ਅਪਮਾਨਤ ਕਰਨ ਵਾਲੇ ਨਾਅਰੇ ਲਾਉਂਦਿਆਂ ਮੁਸਲਮਾਨ ਮੁਹੱਲਿਆਂ ਵਿਚ ਦੀ ਲੰਘਾਏ ਗਏ। ਇਹ ਸ਼ੋਭਾ ਯਾਤਰਾਵਾਂ ਰਾਮ ਦੀ ਸ਼ੋਭਾ ਲਈ ਨਹੀਂ, ਸਗੋਂ ਹਿੰਸਕ ਵਾਤਾਵਰਨ ਪੈਦਾ ਕਰਨ ਲਈ ਕੱਢੀਆਂ ਗਈਆਂ ਸਨ। ਇਨ੍ਹਾਂ ਯਾਤਰਾਵਾਂ ਦੌਰਾਨ ਰਾਮ ਦੇ ਨਾਂਅ ਦੇ ਜਾਪ ਦੀ ਥਾਂ ਮੁਸਲਮਾਨਾਂ ਨੂੰ ਗਾਲ੍ਹਾਂ ਕੱਢੀਆਂ ਗਈਆਂ ਸਨ। ਕੁਝ ਲੋਕ ਕਹਿੰਦੇ ਹਨ ਕਿ ਮੁਸਲਮਾਨਾਂ ਨੇ ਵੀ ਪੱਥਰ ਚਲਾਏ। ਮੁਸਲਮਾਨ ਵੀ ਇਨਸਾਨ ਹਨ, ਉਨ੍ਹਾਂ ਨੂੰ ਵੀ ਗੁੱਸਾ ਆਉਂਦਾ, ਕੀ ਉਹ ਗਾਲ੍ਹਾਂ ਖਾਂਦੇ ਰਹਿਣ ਤੇ ਅੱਗੋਂ ਚੁੱਪ ਵੱਟੀ ਰੱਖਣ।

ਇਸ ਸਾਰੀ ਹਿੰਸਾ ਦੌਰਾਨ ਅਮਿਤ ਸ਼ਾਹ ਦੀ ਪੁਲਸ ਜਾਂ ਤਾਂ ਮੌਕੇ ਉੱਤੇ ਦੰਗਾ ਹੋਣ ਬਾਅਦ ਪੁੱਜੀ ਜਾਂ ਫਿਰ ਤਮਾਸ਼ਾ ਦੇਖਦੀ ਰਹੀ ਸੀ। ਸੱਚ ਇਹ ਹੈ ਕਿ ਆਰ ਐੱਸ ਐੱਸ ਆਪਣੇ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਵਰਗੇ ਸੰਗਠਨਾਂ ਰਾਹੀਂ ਰਾਮ ਨੌਮੀ ਦੇ ਮੌਕੇ ਦਾ ਆਪਣੇ ਹਿੰਦੂ ਰਾਜ ਦੇ ਵਿਚਾਰ ਨੂੰ ਸਿਰੇ ਚਾੜ੍ਹਨ ਲਈ ਬੜੀ ਹੀ ਚਤੁਰਾਈ ਨਾਲ ਇਸਤੇਮਾਲ ਕਰ ਰਿਹਾ ਹੈ। ਰਾਮ ਦੇ ਮੋਢਿਆਂ ਉੱਤੇ ਸਵਾਰ ਹੋ ਕੇ ਭਾਜਪਾ ਤੇ ਸੰਘ ਦੀ ਹਿੰਸਕ ਰਾਜਨੀਤੀ ਅੱਜ ਸਮੁੱਚੇ ਦੇਸ਼ ਨੂੰ ਆਪਣੇ ਕਲਾਵੇ ਵਿੱਚ ਲੈ ਚੁੱਕੀ ਹੈ।

ਹਕੀਕਤ ਇਹ ਹੈ ਕਿ ਭਾਜਪਾ ਤੇ ਸੰਘ ਦੀ ਨਫ਼ਰਤੀ ਮੁਹਿੰਮ ਨੇ ਆਮ ਹਿੰਦੂ ਜਨਤਾ ਨੂੰ ਮਾਨਸਿਕ ਰੋਗੀ ਬਣਾ ਕੇ ਮਨੁੱਖੀ ਭੀੜ ਵਿੱਚ ਬਦਲ ਦਿੱਤਾ ਹੈ। ਉਹ ਦੁਖੀ ਹਨ, ਮਹਿੰਗਾਈ, ਬੇਰੁਜ਼ਗਾਰੀ ਤੇ ਗਰੀਬੀ ਉਨ੍ਹਾਂ ਨੂੰ ਵੀ ਸਤਾਉਂਦੀ ਹੈ, ਇਸ ਲਈ ਉਹ ਮੁਸਲਮਾਨਾਂ ਤੇ ਈਸਾਈਆਂ ਨੂੰ ਗਾਲ੍ਹਾਂ ਕੱਢ ਕੇ, ਮਸਜਿਦਾਂ 'ਤੇ ਪੱਥਰ ਮਾਰ ਕੇ ਤੇ ਉਨ੍ਹਾਂ ਦੀਆਂ ਦੁਕਾਨਾਂ ਤੇ ਘਰ ਸਾੜ ਕੇ ਆਨੰਦ ਪ੍ਰਾਪਤ ਕਰਦੇ ਹਨ ਤੇ ਇਸ ਨੂੰ ਆਪਣਾ ਧਰਮ-ਕਰਮ ਸਮਝਦੇ ਹਨ। ਹਿੰਦੂਆਂ ਵਿਚਲੀ ਇਹ ਨਫ਼ਰਤ ਉਨ੍ਹਾਂ ਦੀ ਹੀਣਭਾਵਨਾ ਵਿੱਚੋਂ ਨਿਕਲੀ ਹੈ, ਜੋ ਉਨ੍ਹਾਂ ਲਈ ਆਤਮਘਾਤੀ ਹੈ। ਹਿੰਦੂ ਸਮਾਜ ਨੂੰ ਚਾਹੀਦਾ ਹੈ ਕਿ ਉਹ ਇਸ ਤ੍ਰਾਸਦੀ ਵਿੱਚੋਂ ਬਾਹਰ ਨਿਕਲ ਆਵੇ। ਇਹ ਉਸ ਦੇ ਵੀ ਭਲੇ ਵਿੱਚ ਹੈ ਤੇ ਸਮਾਜ ਦੇ ਵੀ।

-ਚੰਦ ਫਤਿਹਪੁਰੀ

ਹਿੰਦੂ ਰਾਸ਼ਟਰ ਕਿਉਂ ਸਵੀਕਾਰ ਨਹੀਂ

ਹਿੰਦੂ ਰਾਸ਼ਟਰਵਾਦ ਕਿਉਂਕਿ ਆਰ ਐੱਸ ਐੱਸ ਦਾ ਭਾਰਤੀ ਹਕੂਮਤ ਲਈ ਇੱਕ ਮਿਸ਼ਨ ਹੈ, ਜਿਸ ਲਈ ਭਾਜਪਾ ਪ੍ਰਸ਼ਾਸਨਕ ਪੱਧਰ ਉੱਤੇ ਅਤੇ ਆਰ ਐੱਸ ਐੱਸ ਦੇ ਬਾਕੀ ਸੰਗਠਨ ਧਾਰਮਿਕ, ਸਮਾਜਿਕ ਅਤੇ ਹੁਣ ਕਿਧਰੇ-ਕਿਧਰੇ ਆਰਥਿਕ ਖੇਤਰਾਂ ਵਿੱਚ ਵੀ ਆਪਣੇ-ਆਪਣੇ ਢੰਗ-ਤਰੀਕੇ ਨਾਲ ਇਸ ਹਿੰਦੂ ਰਾਸ਼ਟਰ ਦੇ ਮਿਸ਼ਨ ਦੀ ਪੂਰਤੀ ਲਈ ਕੰਮ ਕਰ ਰਹੇ ਹਨ। ਜਿੱਥੇ ਇਨ੍ਹਾਂ ਸੰਗਠਨਾਂ ਵਿੱਚੋਂ ਕੋਈ ਵੀ ਵੜ ਨਹੀਂ ਸਕਦਾ, ਉਥੇ ਉਨ੍ਹਾ ਸਮੂਹਾਂ ਵਿੱਚ ਇਹ 'ਸਿੱਖ ਸੰਗਤ' ਵਰਗੇ ਸੰਗਠਨ ਜਥੇਬੰਦ ਕਰ ਲੈਂਦੇ ਹਨ। ਸਮਝਣਾ ਜ਼ਰੂਰੀ ਹੈ ਕਿ ਜਿਨ੍ਹਾਂ ਤਬਕਿਆਂ ਵਿੱਚ ਸਿੱਖ ਸੰਗਤ ਵਰਗਾ ਸੰਗਠਨ ਬਣਾਉਣਾ ਸੰਭਵ ਨਹੀਂ, ਜਿਵੇਂ ਮੁਸਲਮਾਨਾਂ ਵਿੱਚ ਉੱਥੇ ਇਹ ਉਸ ਤਬਕੇ ਵਿੱਚੋਂ ਕੁਝ ਪੜ੍ਹੇ-ਲਿਖੇ, ਪਰ ਧੁਰ ਦੇ ਸੁਆਰਥੀ ਚਾਟੂਕਾਰਾਂ ਨੂੰ ਖਰੀਦ ਲੈਂਦੇ ਹਨ। ਉਨ੍ਹਾ ਨੂੰ ਟੀ ਵੀ ਚੈਨਲਾਂ ਉੱਤੇ ਭਾਜਪਾ ਦੀ ਸਿਆਸਤ ਦੀ ਰਾਖੀ ਲਈ ਨੁਮਾਇੰਦਿਆਂ ਵਜੋਂ ਭੇਜਦੇ ਹਨ। ਸਿੱਖਾਂ ਵਿੱਚੋਂ ਵੀ ਇਸ ਵੰਨਗੀ ਦੇ ਨੁਮਾਇੰਦੇ ਸਗੋਂ ਵਧੇਰੇ ਗਿਣਤੀ ਅਤੇ ਵਧੇਰੇ ਸੌਖੇ ਮਿਲਦੇ ਹਨ। ਮੁਸਲਮਾਨ ਅਤੇ ਸਿੱਖਾਂ ਦੇ ਇਹ ਨਮੂਨੇ ਟੀ ਵੀ ਅਤੇ ਯੂ-ਟਿਊਬ ਚੈਨਲਾਂ ਉੱਤੇ ਭਾਜਪਾ ਦੇ ਨੁਮਾਇੰਦਿਆਂ ਵਜੋਂ ਹੀ ਸਹੀ ਆਪਣੇ ਚਿਹਰੇ ਵਿਖਾਉਣ ਦੀ ਭੁੱਖ ਮਿਟਾਉਂਦੇ ਹਨ। ਹੁਣੇ ਪਿੱਛੇ ਜਿਹੇ ਜਿਹੜੇ ਅਕਾਲੀਆਂ-ਕਾਂਗਰਸੀਆਂ ਵਿੱਚੋਂ ਭਾਜਪਾ ਵਿੱਚ ਗਏ ਹਨ, ਉਨ੍ਹਾਂ ਨੂੰ ਛੇਤੀ ਹੀ ਮੂੰਹ ਦੀ ਖਾਣੀ ਪੈ ਜਾਏਗੀ, ਕਿਉਂਕਿ ਹਿੰਦੂ ਰਾਸ਼ਟਰਵਾਦ ਦੇ ਪੂਰੀ ਤਰ੍ਹਾਂ ਹੋਂਦ ਵਿੱਚ ਆਉਣ ਉੱਤੇ ਦੇਸ਼ ਦੀ ਸਿਆਸੀ, ਸਮਾਜਿਕ, ਧਾਰਮਿਕ, ਆਰਥਿਕ ਅਤੇ ਸੱਭਿਆਚਾਰਕ ਜੋ ਤਸਵੀਰ ਬਣੇਗੀ, ਉਸ ਵੱਲੋਂ ਇਹ ਲੋਕ ਉੱਕਾ ਹੀ ਧਿਆਨ ਨਹੀਂ ਦੇ ਰਹੇ। ਅੰਮ੍ਰਿਤਪਾਲ ਵਰਗੇ ਖਾਲਿਸਤਾਨੀਆਂ ਤੋਂ ਤਾਂ ਉਮੀਦ ਕਰਨੀ ਫ਼ਜ਼ੂਲ ਹੈ। ਅਕਾਲ ਤਖ਼ਤ ਦੇ ਜਥੇਦਾਰ ਤੱਕ ਨੂੰ ਇਸ ਵਰਤਾਰੇ ਦਾ ਕੋਈ ਗਿਆਨ ਨਹੀਂ। ਅੱਜ ਤੱਕ ਜਥੇਦਾਰ ਨੇ ਇਸ ਮੁੱਦੇ ਉਤੇ ਇੱਕ ਵੀ ਸ਼ਬਦ ਨਹੀਂ ਬੋਲਿਆ। ਸ਼ਾਇਦ ਇਸ ਕਰਕੇ ਕਿ ਬਾਦਲਾਂ ਦੀ ਭਾਜਪਾ ਨੂੰ ਦਿੱਤੀ ਹੋਈ ਇਹ ਸੁਗਾਤ ਸੀ ਕਿ ਉਹ ਸਿੱਖ ਸਮੂਹਾਂ ਵਿੱਚ ਜਿੱਥੇ ਧਰਮ ਦੀ ਵਿਆਖਿਆ ਹਿੰਦੂ ਰਾਸ਼ਟਰਵਾਦ ਅਨੁਸਾਰ ਕਰ ਸਕਣ। ਹੋਰ ਤਾਂ ਹੋਰ ਸਿੱਖ ਵਿਦਵਾਨਾਂ ਅਤੇ ਪ੍ਰਚਾਰਕਾਂ ਵੱਲੋਂ ਵੀ ਆਰ ਐੱਸ ਐੱਸ ਵੱਲੋਂ ਗਠਿਤ ਸਿੱਖ ਸੰਗਤ ਦੀ ਲੋੜ ਅਤੇ ਮੰਤਵ ਉਤੇ ਕਦੇ ਪ੍ਰਸ਼ਨ ਨਹੀਂ ਕੀਤਾ ਗਿਆ। ਹੁਣ ਤਾਂ ਉਂਝ ਹੀ ਲੋੜ ਨਹੀਂ ਕਿਉਂਕਿ ਸਿੱਖ ਚਿਹਰੇ ਦਿੱਲੀ ਤੋਂ ਪੰਜਾਬ ਤੱਕ ਧੜਾਧੜ ਆਰ ਐੱਸ ਐੱਸ ਦੇ ਸਿਆਸੀ ਸੰਗਠਨ ਭਾਜਪਾ ਵਿੱਚ ਨਿਸ਼ੰਗ ਜਾ ਰਹੇ ਹਨ। ਯਾਦ ਰਹੇ ਭਾਜਪਾ ਦੂਜੀਆਂ ਰਾਜਨੀਤਕ ਪਾਰਟੀਆਂ ਵਾਂਗ ਦੇਸ਼ ਜਾਂ ਇਲਾਕਾਈ ਆਰਥਿਕਤਾ ਅਤੇ ਰਾਜਨੀਤਕ ਮਾਡਲਾਂ ਦੀ ਪ੍ਰਤੀਨਿਧਤਾ ਕਰਨ ਤੱਕ ਸੀਮਤ ਨਹੀਂ, ਭਾਜਪਾ ਦਾ ਅਸਲ ਮਿਸ਼ਨ ਹਿੰਦੂ ਰਾਸ਼ਟਰ ਵੀ ਸਥਾਪਨਾ ਹੈ, ਜੋ ਆਰ ਐੱਸ ਐੱਸ ਦਾ ਸੁਪਨਾ ਹੈ।



ਸੁੱਚਾ ਸਿੰਘ ਖੱਟੜਾ

ਹੁਣ ਇਹ ਹਿੰਦੂ ਰਾਸ਼ਟਰਵਾਦ ਹੈ ਕੀ? ਇਸ ਉੱਤੇ ਕੁਝ ਚਰਚਾ ਅਖ਼ਬਾਰ ਲਈ ਇੱਕ ਆਰਟੀਕਲ ਦੀਆਂ ਸੀਮਾਵਾਂ ਵਿੱਚ ਰਹਿੰਦਿਆਂ ਕਰਾਂਗੇ।

ਹਿੰਦੂ ਰਾਸ਼ਟਰਵਾਦ ਦਾ ਅਧਾਰ ਗੋਲਵਾਲਕਰ (ਮਾਧਵ ਸਦਾਸ਼ਿਵ ਗੋਲਵਾਲਕਰ) ਦੇ ਵਿਚਾਰ ਹੀ ਨਹੀਂ, ਵਿਚਾਰਾਂ ਉੱਤੇ ਇੱਕ ਮੁਕੰਮਲ ਸੰਕਲਪ ਹੈ। ਉਸ ਨੇ ਇਨ੍ਹਾਂ ਵਿਚਾਰਾਂ ਨੂੰ We OR OUR NATIONHOOD DEFIND ਨਾਂਅ ਦੇ ਕਿਤਾਬਚੇ ਵਿੱਚ ਪ੍ਰਗਟ ਕੀਤਾ ਹੈ। ਗੋਲਵਾਲਕਰ M. Sc, L.L.B ਯੋਗਤਾ ਦਾ ਮਾਲਕ ਆਪਣੇ ਸਮੇਂ ਦਾ ਪੜ੍ਹਿਆ-ਲਿਖਿਆ ਵਿਅਕਤੀ ਸੀ, ਜਿਹੜਾ ਆਪਣੇ ਸਮੇਂ ਦੇ ਅਜ਼ਾਦੀ ਸੰਘਰਸ਼ ਲਈ ਚੱਲ ਰਹੀਆਂ ਲਹਿਰਾਂ 'ਚੋਂ ਕੋਰਾ ਅਟੰਕ, ਅੰਗਰੇਜ਼ੀ ਹਕੂਮਤ ਉਤੇ ਖਾਮੋਸ਼ ਦੇਸ਼ ਦੇ ਇਤਿਹਾਸ ਨੂੰ ਹਿੰਦੂ ਰਾਸ਼ਟਰਵਾਦ ਦੇ ਚਸ਼ਮੇ ਤੋਂ ਸਮਝਣ ਅਤੇ ਉਸ ਦੀ ਵਿਆਖਿਆ ਕਰਨ ਵਾਲਾ ਪੁਰਸ਼ ਸੀ। 1931 ਵਿੱਚ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੂੰ ਫਾਂਸ਼ੀ ਹੁੰਦੀ ਹੈ। ਮਹਾਤਮਾ ਗਾਂਧੀ ਦੀਆਂ ਗੋਲਮੇਜ ਕਾਨਫ਼ਰੰਸਾਂ ਹੁੰਦੀਆਂ ਹਨ, ਪਰ ਇਹ ਵਿਅਕਤੀ ਇਸ ਤਰ੍ਹਾਂ ਵਿਚਰਦਾ ਹੈ ਕਿ ਭਗਤ ਸਿੰਘ ਅਤੇ ਇਸ ਤੋਂ ਪਹਿਲੇ ਸ਼ਹੀਦਾਂ ਦਾ ਕਿਧਰੇ ਜ਼ਿਕਰ ਤੱਕ ਨਹੀਂ ਕਰਦਾ। ਕਾਂਗਰਸ ਦੇ ਸੰਘਰਸ਼ ਨੂੰ ਅੰਗਰੇਜ਼ਾਂ ਵਿਰੁੱਧ ਭਾਰਤੀਆਂ ਦੇ ਰੋਸ ਨੂੰ ਸੇਫਟੀ ਵਾਲਵ ਪ੍ਰਦਾਨ ਕਰਨ ਦਾ ਯਤਨ ਕਹਿੰਦਾ ਹੈ, ਜੋ ਏ ਓ ਹਿਊਮ (ਕਾਂਗਰਸ ਦਾ ਸੰਸਥਾਪਕ) ਦੀ ਕਾਢ ਸੀ। ਖੈਰ ਹਿੰਦੂ ਰਾਸ਼ਟਰਵਾਦ ਵਲ ਪਰਤਦੇ ਹਾਂ।

ਗੋਲਵਾਲਕਰ ਦਾ ਇਹ ਸੰਕਲਪ ਪੱਛਮੀ ਦੇਸ਼ਾਂ ਤੋਂ ਚੁੱਕਿਆ ਗਿਆ ਹੈ। ਅੱਜ ਦੇ ਹਿੰਦੂ ਰਾਸ਼ਟਰਵਾਦ ਦੀ ਇਸ ਗੱਲ ਨੂੰ ਸਵੀਕਾਰਨ ਤੋਂ ਮੁਨਕਰ ਹਨ ਕਿਉਂਕਿ ਇਸ ਨਾਲ ਗੋਲਵਾਲਕਾਰ ਦੀ ਮੌਲਿਕਤਾ ਨੂੰ ਠੇਸ ਪਹੁੰਚਦੀ ਹੈ। ਉੱਪਰ ਦੱਸੇ ਕਿਤਾਬਚੇ ਦੇ ਚੈਪਟਰ-2 ਵਿੱਚ ਹਿੰਦੂ ਰਾਸ਼ਟਰ ਦੇ ਪੰਜ ਤੱਤਾਂ ਤੱਕ ਪਹੁੰਚਦਿਆਂ ਉਹ ਸੱਤ ਪੱਛਮੀ ਦੇਸ਼ਾਂ ਦੇ ਵਿਦਵਾਨਾਂ ਦੇ ਇਸ ਦਿਸ਼ਾ ਵਿੱਚ ਕਥਨਾਂ ਦਾ ਜ਼ਿਕਰ ਕਰਨ ਉਪਰੰਤ ਅੱਠਵੇਂ ਪੰਨੇ ਦੇ ਦੂਜੇ ਪਹਿਰੇ ਵਿੱਚ ਲਿਖਦਾ ਹੈ ਕਿ ਕਥਨਾਂ ਦੀ ਸੰਖਿਆ ਵਿੱਚ ਵਾਧਾ ਕਰਨਾ ਬੇਲੋੜਾ ਹੈ। ਉਹਦੇ ਰਾਸ਼ਟਰਵਾਦ ਦੇ ਪੰਜ ਤੱਤ ਹਨ (1) ਭੂਗੋਲਿਕ (ਦੇਸ਼) (2) ਨਸਲ (3) ਧਰਮ (4) ਸੱਭਿਆਚਾਰ (5) ਭਾਸ਼ਾ ਇਨ੍ਹਾਂ ਪੰਜ ਤੱਤਾਂ ਵਿੱਚੋਂ ਇੱਕ ਤੋਂ ਵੀ ਬਾਹਰ ਦਾ ਹਰ ਵਿਅਕਤੀ ਉਹ ਇਸ ਰਾਸ਼ਟਰ ਵਿੱਚ ਬਾਹਰਲਾ ਹੈ, ਉਹ ਇਸ ਰਾਸ਼ਟਰ ਦਾ ਨਾਗਰਿਕ ਨਹੀਂ ਬਣੇਗਾ। ਇਹ ਪੰਜ ਤੱਤਾਂ ਦੀ ਵਿਆਖਿਆ ਇਸ ਤਰ੍ਹਾਂ ਹੈ। ਦੇਸ਼ ਹਿੰਦੁਸਤਾਨ (ਹਿੰਦੁਸਤਾਨ ਨਹੀਂ) (2) ਨਸਲ ਆਰੀਆ (ਇਹ ਆਰੀਆ ਬਾਹਰ ਤੋਂ ਆਏ ਨਹੀਂ, ਸਗੋਂ ਹਿੰਦੁਸਤਾਨ ਦੇ ਮੂਲ ਨਿਵਾਸੀ) (3) ਧਰਮ-ਹਿੰਦੂ ਧਰਮ (4) ਸੱਭਿਆਚਾਰਕ ਹਿੰਦੂ ਰੀਤੀ-ਰਿਵਾਜ, ਖਾਨ-ਪਾਨ ਆਦਿ (5) ਭਾਸ਼ਾ-ਸੰਸਕ੍ਰਿਤ ਅੱਜ ਹਿੰਦੀ। ਇਹ ਤੱਤ ਹੀ ਆਰ ਐੱਸ ਐੱਸ ਭਾਜਪਾ ਅਤੇ ਹਿੰਦੂ ਸੰਗਠਨਾਂ ਦੇ ਅੱਜ ਦੇ ਮੁੱਖ ਨਾਅਰਿਆਂ ਦੀਆਂ ਜੜ੍ਹਾਂ ਹਨ। ਇੱਕ ਰਾਸ਼ਟਰ, ਇੱਕ ਧਰਮ, ਇੱਕ ਭਾਸ਼ਾ, ਇੱਕ ਵਿਧਾਨ (ਮਨੂੰਸਮ੍ਰਿਤੀ), ਇੱਕ ਸੱਭਿਆਚਾਰ ਜਿਹੜੇ ਵੀ ਲੋਕ ਹਿੰਦੂ ਰਾਸ਼ਟਰ ਦੀਆਂ ਇਹ ਲੋੜਾਂ ਪੂਰੀਆਂ ਨਹੀਂ ਕਰਦੇ, ਉਨ੍ਹਾ ਨੂੰ ਆਪਣਾ ਧਰਮ, ਸੱਭਿਆਚਾਰ ਅਤੇ ਭਾਸ਼ਾ ਛੱਡ ਕੇ ਹਿੰਦੂ ਰਾਸ਼ਟਰ ਦਾ ਹਿੱਸਾ ਬਣਨ ਲਈ ਹਿੰਦੂ ਰਾਸ਼ਟਰ ਵਿੱਚ ਸਮਾਉਣਾ, ਰਚਾਉਣਾ ਅਤੇ ਆਤਮਸਾਤ (ASSIMILATE) ਕਰਨਾ ਹੋਏਗਾ।

ਗੋਲਵਾਲਕਰ ਦੀ ਵਿਸ਼ੇਸ਼ਤਾ ਸਮਝੋ ਕਿ ਉਸ ਨੇ ਭਾਰਤ ਦੇ ਇਤਿਹਾਸ ਨੂੰ ਉੱਤਰੀ ਆਰਿਕਟਿਕ ਜ਼ੋਨ ਦੇ ਅੱਜ ਦੇ ਉੜੀਸਾ ਬਿਹਾਰ ਹਾਰ ਦੇ ਖਿੱਤੇ ਵਿੱਚ ਹੋਣ ਤੋਂ ਸ਼ੁਰੂ ਕਰ ਕੇ ਰਮਾਇਣ, ਮਹਾਂਭਾਰਤ ਤੋਂ 1939 (ਕਿਤਾਬਚਾ ਲਿਖਣ ਦੀ ਮਿਤੀ) ਤੱਕ ਦੇ ਇਤਿਹਾਸ ਵਿੱਚੋਂ ਹਿੰਦੂ ਰਾਸ਼ਟਰ ਬਣਦਾ ਵਿਗਸਦਾ ਨਹੀਂ, ਸਗੋਂ ਇਨ੍ਹਾਂ ਸਾਰਿਆਂ ਸਮਿਆਂ ਵਿੱਚ ਵਿਦਮਾਨ ਦੱਸਿਆ ਹੈ। ਉਸ ਅਨੁਸਾਰ ਬਾਹਰਲੇ ਹਮਲਾਵਰਾਂ ਦੇ ਹਮਲਿਆਂ ਅਤੇ ਹਮਲਾਵਰਾਂ (ਮੁਸਲਮਾਨ ਅਤੇ ਇਸਾਈਆਂ) ਦੇ ਇੱਥੇ ਰਾਜ ਕਾਇਮ ਕਰਨ ਦੇ ਬਾਵਜੂਦ ਹਿੰਦੂ ਆਤਮਾ ਵਿਚਾਰ (SPIRIT) ਸਦਾ ਜੀਵਤ ਰਹੀ। ਇਸ ਸਪਿਰਿਟ ਨੂੰ ਮਹਾਰਾਣਾ ਪ੍ਰਤਾਪ, ਸ਼ਿਵਾਜੀ ਅਤੇ ਸਿੱਖ ਗੁਰੂਆਂ ਨੇ ਵਾਰ-ਵਾਰ ਹਿੰਦੂਆਂ ਅੰਦਰ ਪੁਨਰ ਜਾਗ੍ਰਿ

5-APRIL-PAGE-5.qxd 4/4/2023 10:40 PM Page 1

ਪਟਵਾਰੀ ਦੀ ਤਾਇਨਾਤੀ ਲਈ 9 ਤੱਕ ਦਾ ਅਲਟੀਮੇਟਮ

10 ਨੂੰ ਐੱਸ ਡੀ ਐੱਮ ਦਫਤਰ ਅੱਗੇ ਦਿਆਂਗੇ ਧਰਨਾ : ਗੋਲਡਨ, ਢੰਡੀਆਂ

ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਹੰਸ ਰਾਜ ਗੋਲਡਨ, ਕਿਸਾਨ ਆਗੂ ਸੁਰਿੰਦਰ ਢੰਡੀਆਂ ਤੇ ਪਿੰਡਾਂ ਦੇ ਸਰਪੰਚ ਜਾਣਕਾਰੀ ਦਿੰਦੇ ਹੋਏ।

ਜਲਾਲਾਬਾਦ (ਜੀਤ ਕੁਮਾਰ/ਸਤਨਾਮ ਸਿੰਘ)

ਕੁੱਲ ਹਿੰਦ ਕਿਸਾਨ ਸਭਾ ਬਲਾਕ ਜਲਾਲਾਬਾਦ ਦੇ ਪ੍ਰਧਾਨ ਕ੍ਰਿਸ਼ਨ ਧਰਮੂਵਾਲਾ ਨੇ ਦੱਸਿਆ ਕਿ ਪਟਵਾਰ ਹਲਕਾ ਸਰਕਲ ਮੋਹਰ ਸਿੰਘ ਵਾਲਾ ਦਾ ਪਟਵਾਰੀ ਲਗਭਗ 13-14 ਮਹੀਨਿਆਂ ਤੋਂ ਬਦਲ ਚੁੱਕਿਆ ਹੈ, ਜਿਸ ਦੇ ਚਲਦੇ ਲੋਕ ਬਹੁਤ ਖੱਜਲ-ਖੁਆਰ ਹੋ ਰਹੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸਰਕਲ ਵਿੱਚ ਪਟਵਾਰੀ ਲਗਵਾਉਣ ਲਈ ਉਹ ਕਈ ਵਾਰ ਜ਼ਿਲ੍ਹਾ ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਤੇ ਜਲਾਲਾਬਾਦ ਦੇ ਐੱਸ.ਡੀ.ਐੱਮ. ਨੂੰ ਵਫਦ ਮਿਲ ਚੁੱਕਿਆ ਹੈ, ਪਰ ਕੋਈ ਵੀ ਸੁਣਵਾਈ ਨਹੀਂ ਹੋਈ।

ਉਧਰ, ਉਕਤ ਸਰਕਲ ਵਿੱਚ ਪਟਵਾਰੀ ਦੀ ਤੈਨਾਤੀ ਨਾ ਹੋਣ ਕਾਰਨ ਹੁਣ ਇਹ ਮਸਲਾ ਕਿਸਾਨ ਸਯੁੰਕਤ ਮੋਰਚੇ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ, ਜਿਸ ਸਬੰਧੀ ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਢੰਡੀਆ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ, ਕਿਸਾਨ ਸਭਾ ਦੇ ਆਗੂ ਕ੍ਰਿਸ਼ਨ ਧਰਮੂਵਾਲਾ, ਬਲਵੰਤ ਚੌਹਾਣਾ, ਜੋਗਿੰਦਰ ਸਿੰਘ ਸਰਪੰਚ ਹਜਾਰਾ ਰਾਮ ਸਿੰਘ ਵਾਲਾ, ਮੁਖਤਿਆਰ ਸਿੰਘ ਸਰਪੰਚ ਮੋਹਰ ਸਿੰਘ ਵਾਲਾ, ਸ਼ਿੰਗਾਰਾ ਸਿੰਘ ਸਰਪੰਚ ਢਾਣੀ ਪੰਜਾਬ ਪੁਰਾ, ਪ੍ਰੇਮ ਧਰਮੂਵਾਲਾ ਤੇ ਢੋਲਾ ਸਿੰਘ ਧਰਮੂਵਾਲਾ ਨੇ ਸਥਾਨਕ ਸੁਤੰਤਰ ਭਵਨ ਵਿਖੇ ਪ੍ਰੈੱਸ ਕਾਨਫਰੰਸ ਕਰਦਿਆਂ ਦੱਸਿਆ ਕਿ ਪਟਵਾਰ ਸਰਕਲ ਮੋਹਰ ਸਿੰਘ ਵਾਲਾ 'ਚ ਪਟਵਾਰੀ ਨਾ ਹੋਣ ਕਾਰਨ ਲੋਕਾਂ ਨੂੰ ਆ ਰਹੀਆਂ ਮੁਸ਼ਕਲਾਂ ਦੇ ਮੱਦੇਨਜ਼ਰ ਅੱਜ ਇੱਥੇ ਮੀਟਿੰਗ ਕੀਤੀ ਗਈ ਅਤੇ ਫੈਸਲਾ ਕੀਤਾ ਗਿਆ ਹੈ ਕਿ ਜੇਕਰ 9 ਅਪ੍ਰੈਲ ਤੋਂ ਪਹਿਲਾਂ ਪਟਵਾਰੀ ਨਾ ਲਗਾਇਆ ਗਿਆ ਤਾਂ ਇਲਾਕੇ ਦੇ ਲੋਕ 10 ਅਪ੍ਰੈਲ ਨੂੰ ਐੱਸ.ਡੀ.ਐੱਮ. ਦਫਤਰ ਜਲਾਲਾਬਾਦ ਦੇ ਸਾਹਮਣੇ ਅਣਮਿੱਥੇ ਸਮੇਂ ਲਈ ਧਰਨਾ ਦੇਣਗੇ।

ਮਜ਼ਦੂਰ-ਕਿਸਾਨ ਸੰਗਠਨਾਂ ਦੀ ਦਿੱਲੀ 'ਚ ਰੈਲੀ ਅੱਜ

ਮਾਨਸਾ ਜ਼ਿਲ੍ਹੇ 'ਚੋਂ ਸੈਂਕੜੇ ਵਰਕਰ ਹੋਣਗੇ ਸ਼ਾਮਲ : ਦਲਿਓ

ਮਾਨਸਾ (ਆਤਮਾ ਸਿੰਘ ਪਮਾਰ)-ਦੇਸ਼ ਦੀਆਂ ਮਜ਼ਦੂਰ-ਕਿਸਾਨ ਜਥੇਬੰਦੀਆਂ ਕੁੱਲ ਹਿੰਦ ਕਿਸਾਨ ਸਭਾ, ਸੈਂਟਰ ਆਫ ਇੰਡੀਅਨ ਟਰੇਡ ਯੂਨੀਅਨ (ਸੀਟੂ) ਤੇ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਵੱਲੋਂ 5 ਅਪ੍ਰੈਲ ਨੂੰ ਰਾਮਲੀਲ੍ਹਾ ਮੈਦਾਨ ਦਿੱਲੀ ਵਿਖੇ ਹੋਣ ਵਾਲੀ ਵਿਸ਼ਾਲ ਰੈਲੀ ਵਿੱਚ ਮਾਨਸਾ ਜ਼ਿਲ੍ਹੇ ਵਿੱਚੋਂ ਸੈਂਕੜਿਆਂ ਦੀ ਗਿਣਤੀ ਵਿੱਚ ਕਿਰਤੀ-ਕਿਸਾਨ ਸ਼ਾਮਲ ਹੋ ਰਹੇ ਹਨ।

ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਮੀਤ ਪ੍ਰਧਾਨ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਦੇਸ਼ ਭਰ ਵਿੱਚੋਂ ਲੱਖਾਂ ਦੀ ਤਾਦਾਦ ਵਿੱਚ ਮਜ਼ਦੂਰ-ਕਿਸਾਨ ਇਸ ਰੈਲੀ ਵਿੱਚ ਪਹੁੰਚਣਗੇ। ਉਨ੍ਹਾਂ ਦੱਸਿਆ ਕਿ ਇਹ ਰੈਲੀ ਮੋਦੀ ਸਰਕਾਰ ਦੀ ਨੀਂਦ ਹਰਾਮ ਕਰਕੇ ਰੱਖ ਦੇਵੇਗੀ। ਐਡਵੋਕੇਟ ਦਲਿਓ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਹਾਲ ਹੀ ਵਿੱਚ ਪੇਸ਼ ਬਜਟ ਵਿੱਚ ਮਜ਼ਦੂਰਾਂ-ਕਿਸਾਨਾਂ, ਸਨਅਤੀ ਕਾਮਿਆਂ, ਆਸ਼ਾ-ਆਂਗਣਵਾੜੀ ਵਰਕਰਾਂ ਸਮੇਤ ਵੱਖ-ਵੱਖ ਸਕੀਮਾਂ ਦੇ ਵਰਕਰਾਂ ਤੇ ਸਮਾਜ ਦੇ ਗਰੀਬ ਅਤੇ ਮੱਧ ਵਰਗ ਲਈ ਰਾਹਤ ਲਈ ਕੁੱਝ ਵੀ ਨਹੀਂ ਕੀਤਾ। ਇਸ ਦੇ ਉਲਟ ਟੈਕਸਾਂ ਦਾ ਬੋਝ ਹੀ ਪਾਇਆ ਹੈ। ਕੇਂਦਰ ਸਰਕਾਰ ਜਨਤਕ ਅਦਾਰਿਆਂ ਦੀਆਂ ਜਾਇਦਾਦਾਂ ਕੌਡੀਆਂ ਦੇ ਭਾਅ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਨੂੰ ਵੇਚ ਰਹੀ ਹੈ। ਦੇਸ਼ ਦੇ ਆਰਥਿਕ ਸਥਿਤੀ ਦਿਨੋਂ ਦਿਨ ਨਿੱਘਰ ਰਹੀ ਹੈ। ਅਡਾਨੀ-ਅੰਬਾਨੀ ਵਰਗਿਆਂ ਦੇ ਮੁਨਾਫੇ ਵਧ ਰਹੇ ਹਨ। ਸਰਕਾਰ ਦੀਆਂ ਇਨ੍ਹਾਂ ਲੋਕ ਵਿਰੋਧੀ ਨੀਤੀਆਂ ਖਿਲਾਫ ਦੇਸ਼ ਭਰ ਵਿੱਚ ਭਾਰੀ ਗੁੱਸਾ ਤੇ ਰੋਹ ਹੈ।

ਹਰਦੀਪ ਸਿੰਘ ਗਰੇਵਾਲ ਭਾਜਪਾ 'ਚ ਸਾਮਲ

ਦੋਰਾਹਾ (ਹਰਮਿੰਦਰ ਸੇਠ)-ਦੋਰਾਹਾ ਵਿਖੇ ਭਾਰਤੀ ਜਨਤਾ ਪਾਰਟੀ ਵੱਲੋਂ ਮੰਡਲ ਪ੍ਰਧਾਨ ਜਗਤਾਰ ਸਿੰਘ ਕੂਕਾ ਦੀ ਅਗਵਾਈ ਹੇਠ ਲਗਾਤਾਰ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੂੰ ਭਾਜਪਾ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ, ਉਸੇ ਲੜੀ ਤਹਿਤ ਦੋਰਾਹਾ ਨਜ਼ਦੀਕ ਪਿੰਡ ਜੈਪੁਰਾ ਦੇ ਹਰਦੀਪ ਸਿੰਘ ਗਰੇਵਾਲ ਨੂੰ ਭਾਜਪਾ ਵਿੱਚ ਸ਼ਾਮਲ ਕੀਤਾ ਗਿਆ। ਇਸ ਮੌਕੇ ਸੀਨੀਅਰ ਭਾਜਪਾ ਆਗੂ ਬਿਕਰਮਜੀਤ ਸਿੰਘ ਚੀਮਾ, ਸੀਨੀ ਆਗੂ ਡਾ. ਅਸੀਸ ਸੂਦ ਤੇ ਪ੍ਰਿੰਸੀਪਲ ਜਤਿੰਦਰ ਸ਼ਰਮਾ ਵੱਲੋਂ ਹਰਦੀਪ ਸਿੰਘ ਗਰੇਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਹਰਦੀਪ ਸਿੰਘ ਗਰੇਵਾਲ ਨੂੰ ਭਾਜਪਾ ਵੱਲੋਂ ਭਾਜਪਾ ਮੰਡਲ ਦਾ ਵਾਇਸ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ। ਇਸ ਮੌਕੇ ਬਿਕਰਮਜੀਤ ਸਿੰਘ ਚੀਮਾ ਨੇ ਕਿਹਾ ਭਾਜਪਾ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਨਰੇਸ਼ ਕੁਮਾਰ ਆਨੰਦ ਜ਼ਿਲ੍ਹਾ ਸਕੱਤਰ, ਮਨਦੀਪ ਚੀਟੂ, ਪ੍ਰਧਾਨ ਵਿੱਕੀ ਜੈਪੁਰਾ, ਪ੍ਰਗਟ ਕਦੋਂ, ਵੀ ਕੇ ਸਿੰਘ, ਸੀ ਬੀ ਠਾਕੁਰ ਆਦਿ ਹਾਜ਼ਰ ਸਨ।

ਕੰਪਿਊਟਰ ਕੰਡੇ ਤੋਂ ਬਾਅਦ ਆੜ੍ਹਤੀਆਂ ਨੂੰ ਆਨਲਾਈਨ ਗੇਟ ਪਾਸ ਕੱਟਣ ਦਾ ਨਵਾਂ ਫਰਮਾਨ, ਆੜ੍ਹਤੀਆਂ 'ਚ ਰੋਸ

ਆੜ੍ਹਤੀਆਂ ਨੇ ਸਕੱਤਰ ਮਾਰਕੀਟ ਕਮੇਟੀ ਰਾਹੀਂ ਚੇਅਰਮੈਨ ਮੰਡੀਕਰਨ ਬੋਰਡ ਨੂੰ ਭੇਜਿਆਂ ਮੰਗ ਪੱਤਰ

ਤਪਾ ਮੰਡੀ (ਅਰੁਣ ਗੋਇਲ)

ਪੰਜਾਬ ਸਰਕਾਰ ਵੱਲੋਂ ਆੜ੍ਹਤੀਆਂ ਨੂੰ ਸੁਣਾਏ ਗਏ ਫਰਮਾਨਾਂ ਤੋਂ ਬਾਅਦ ਆੜ੍ਹਤੀਆਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਇਸ ਮੌਕੇ ਗੱਲਬਾਤ ਕਰਦਿਆਂ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਸੁਰੇਸ਼ ਕੁਮਾਰ ਕਾਲਾ ਤਾਜੋ ਨੇ ਸਕੱਤਰ ਮਾਰਕੀਟ ਕਮੇਟੀ ਰਾਹੀਂ ਚੇਅਰਮੈਨ ਮੰਡੀਕਰਣ ਬੋਰਡ ਪੰਜਾਬ ਨੂੰ ਭੇਜੇ ਮੰਗ ਪੱਤਰ ਤੋਂ ਬਾਅਦ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਵੱਲੋਂ ਕਣਕ ਦੇ ਸੀਜ਼ਨ ਦੌਰਾਨ ਕੰਪਿਊਟਰ ਕੰਡਿਆਂ ਦੀ ਵਰਤੋਂ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਸਨ ਸਮੁੱਚਾ ਆੜ੍ਹਤੀਆ ਵਰਗ ਉਸ ਮਸਲੇ ਵਿੱਚ ਹੀ ਉਲਝਿਆ ਹੋਇਆ ਸੀ। ਸਰਕਾਰ ਨੇ ਉਤੋਂ ਇੱਕ ਹੋਰ ਨਵਾਂ ਨਾਦਰਸ਼ਾਹੀ ਫੁਰਮਾਨ ਜਾਰੀ ਕਰ ਦਿੱਤਾ ਹੈ ਕਿ ਇਸ ਸੀਜ਼ਨ ਦੌਰਾਨ ਕਣਕ ਦੀ ਮੰਡੀਆਂ ਵਿੱਚੋਂ ਢੋਆ-ਢੋਆਈ ਦੌਰਾਨ ਕੱਟੇ ਜਾਣ ਵਾਲੇ ਗੇਟ ਪਾਸ ਆਨਲਾਈਨ ਕੱਟੇ ਜਾਣ ਜੋ ਬਿਲਕੁਲ ਹੀ ਅਸੰਭਵ ਕੰਮ ਹੈ, ਕਿਉਂਕਿ ਆਨਲਾਈਨ ਗੇਟ ਪਾਸ ਕੱਟਣ ਲਈ ਸਬੰਧਤ ਏਜੰਸੀ ਦਾ ਮੁਲਾਜ਼ਮ ਤੇ ਮਾਰਕੀਟ ਕਮੇਟੀ ਦੇ ਮੁਲਾਜ਼ਮ ਦਾ ਹੋਣਾ ਜ਼ਰੂਰੀ ਹੈ ਜੋ ਬੇਹੱਦ ਮੁਸ਼ਕਲ ਕੰਮ ਹੈ। ਇਸ ਤੋਂ ਇਲਾਵਾ ਨੈੱਟਵਰਕ ਵਿੱਚ ਵੀ ਦਿੱਕਤ ਆ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਕਣਕ ਦਾ ਸੀਜ਼ਨ ਅਜਿਹਾ ਹੁੰਦਾ ਹੈ ਲਗਾਤਾਰ ਮੰਡੀਆਂ ਆਮਦ ਹੋਣ ਨਾਲ ਲਿਫਟਿੰਗ ਕਰਨੀ ਮੁਸ਼ਕਲ ਹੋ ਜਾਂਦੀ ਹੈ, ਜਿਸ ਕਾਰਨ ਗੇਟ ਪਾਲ ਆਨਲਾਈਨ ਕੱਟਣਾ ਅਸੰਭਵ ਹੈ। ਉਨ੍ਹਾਂ ਮੰਡੀਕਰਨ ਬੋਰਡ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਇਹ ਮੰਗ ਨੂੰ ਵਾਪਸ ਲੈਣ ਲਈ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਇਸ ਪ੍ਰਮਾਣ ਨੂੰ ਵਾਪਸ ਨਾ ਲਿਆ ਗਿਆ ਤਾਂ ਉਹ ਸੰਘਰਸ਼ ਕਰਨ ਲਈ ਆੜ੍ਹਤੀਏ ਮਜਬੂਰ ਹੋਣਗੇ, ਜਿਸ ਦੀ ਜ਼ਿੰਮੇਵਾਰ ਪੰਜਾਬ ਸਰਕਾਰ ਹੋਵੇਗੀ।

ਇਸ ਮੌਕੇ ਚੇਅਰਮੈਨ ਹੇਮ ਰਾਜ ਸੰਟੀ ਮੌੜ, ਮਨੋਜ ਕੁਮਾਰ ਸਿੰਗਲਾ, ਅਸ਼ੋਕ ਕੁਮਾਰ ਮੌੜ, ਮੁਨੀਸ਼ ਮਿੱਤਲ, ਰਾਜ ਕੁਮਾਰ, ਪਵਨ ਕੁਮਾਰ ਪੱਖੋ, ਅਨੀਸ਼ ਮੌੜ, ਸੰਜੀਵ ਕੁਮਾਰ ਢਿੱਲਵਾਂ, ਰਾਜ ਕੁਮਾਰ ਤਾਜੋਕੇ ਆਦਿ ਆੜ੍ਹਤੀਏ ਹਾਜ਼ਰ ਸਨ।

ਆੜ੍ਹਤੀਆ ਐਸੋਸੀਏਸ਼ਨ ਤਪਾ ਦਾ ਪ੍ਰਧਾਨ ਸਕੱਤਰ ਮਾਰਕੀਟ ਕਮੇਟੀ ਨੂੰ ਮੰਗ ਪੱਤਰ ਦੇਣ ਸਮੇਂ।

ਕਾਤਰਾਂ

ਸਕੂਲ 'ਚੋਂ ਪ੍ਰਵਾਸੀ ਮਜ਼ਦੂਰ ਦੀ ਲਾਸ਼ ਮਿਲੀ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਸੰਤ ਈਸ਼ਰ ਦਾਸ ਸੀਨੀਅਰ ਸੈਕੰਡਰੀ ਸਕੂਲ ਮੂੰਮ (ਚੱਕ ਦਾ ਪੁਲ) ਤੋਂ ਪ੍ਰਵਾਸੀ ਮਜ਼ਦੂਰ ਦੀ ਲਾਸ਼ ਮਿਲਣ ਦਾ ਪਤਾ ਲੱਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਥਾਣਾ ਮਹਿਲ ਕਲਾਂ ਦੇ ਕਰਮਚਾਰੀਆਂ ਨੇ ਦੱਸਿਆ ਕਿ ਇਹ ਲਾਸ਼ ਕਿਸੇ ਪ੍ਰਵਾਸੀ ਮਜ਼ਦੂਰ ਦੀ ਲਗਦੀ ਹੈ, ਜਿਸ ਦੇ ਸਰੀਰ 'ਤੇ ਕਿਸੇ ਕਿਸਮ ਦੀ ਕੋਈ ਸੱਟ ਦਾ ਨਿਸ਼ਾਨ ਨਹੀਂ ਹੈ। ਪਤਾ ਲੱਗਿਆ ਕਿ ਇਹ ਮਜ਼ਦੂਰ ਕੱਲ੍ਹ ਸ਼ਾਮ ਇੱਥੇ ਘੁੰਮ ਰਿਹਾ ਸੀ, ਕੁਝ ਵਿਅਕਤੀਆਂ ਨੇ ਉਸ ਦਾ ਨਾਂਅ ਪਤਾ ਜਾਨਣ ਦੀ ਕੋਸ਼ਿਸ਼ ਕੀਤੀ, ਪਰ ਉਹ ਕੁਝ ਨਹੀਂ ਬੋਲਿਆ। ਅੱਜ ਸਵੇਰੇ ਜਦੋਂ ਸਕੂਲ ਸਟਾਫ ਦੇ ਮੈਂਬਰ ਆਏ ਤਾਂ ਉਸ ਦੀ ਲਾਸ਼ ਸਕੂਲ ਅੰਦਰ ਗੇਟ ਕੋਲ ਪਈ ਸੀ। ਸਟਾਫ ਵੱਲੋਂ ਇਸ ਸਬੰਧੀ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਪੁਲਸ ਕਰਮਚਾਰੀਆਂ ਨੇ ਮੌਕੇ ਤੋਂ ਪ੍ਰਵਾਸੀ ਮਜ਼ਦੂਰ ਦੀ ਲਾਸ਼ ਨੂੰ ਕਬਜ਼ੇ 'ਚ ਲੈਣ ਉਪਰੰਤ ਸਿਵਲ ਹਸਪਤਾਲ ਬਰਨਾਲਾ ਭੇਜ ਦਿੱਤਾ ਹੈ, ਜਿੱਥੇ 72 ਘੰਟਿਆਂ ਲਈ ਸ਼ਨਾਖਤ ਵਾਸਤੇ ਰੱਖਿਆ ਜਾਵੇਗਾ।

ਅੱਜ ਬਿਜਲੀ ਬੰਦ ਰਹੇਗੀ

ਜਲਾਲਾਬਾਦ (ਜੀਤ ਕੁਮਾਰ)-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਜਲਾਲਾਬਾਦ ਦੇ ਸ਼ਹਿਰੀ ਐੱਸ.ਡੀ.ਓ. ਵਿਪਨ ਕੁਮਾਰ ਨੇ ਦੱਸਿਆ ਕਿ ਤਾਰਾਂ ਦੇ ਰੱਖ-ਰਖਾਵ ਤੇ ਮੁਰੰਮਤ ਲਈ 5 ਅਪ੍ਰੈਲ ਨੂੰ ਜੀਵਾ ਅਰਾਈਂ ਤੋਂ ਚਲਦੀ ਬਿਜਲੀ ਸਪਲਾਈ ਸਵੇਰੇ 10 ਵਜੇ ਤੋਂ 3 ਵਜੇ ਤੱਕ ਮੁਕੰਮਲ ਤੌਰ 'ਤੇ 12 ਪਿੰਡਾਂ ਵਿੱਚ ਬਿਜਲੀ ਸਲਾਈ ਪ੍ਰਭਾਵਿਤ ਰਹੇਗੀ।

ਨਜਾਇਜ਼ ਸ਼ਰਾਬ ਸਣੇ ਕਾਬੂ

ਜਲਾਲਾਬਾਦ (ਜੀਤ ਕੁਮਾਰ, ਸਤਨਾਮ ਸਿੰਘ)-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਸਵਾ 40 ਬੋਤਲਾਂ ਨਾਜਾਇਜ਼ ਸ਼ਰਾਬ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਪ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਹ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਪਿੰਡ ਢਾਬ ਕੜਿਆਲ ਵਿਖੇ ਸੇਮ ਨਾਲੇ ਦੇ ਪੁਲ ਕੋਲ ਪੁੱਜੇ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਗੁਰਚਰਨ ਸਿੰਘ ਉਰਫ ਬਿੱਟੂ ਪੁੱਤਰ ਜੰਗੀਰ ਸਿੰਘ ਵਾਸੀ ਢਾਬ ਕੜਿਆਲ ਨਾਜਾਇਜ਼ ਸ਼ਰਾਬ ਕੱਢਣ ਤੇ ਵੇਚਣ ਦਾ ਆਦੀ ਹੈ, ਜਿਸ 'ਤੇ ਪੁਲਸ ਪਾਰਟੀ ਵੱਲੋਂ ਰੇਡ ਕਰਕੇ ਗੁਰਚਰਨ ਸਿੰਘ ਨੂੰ ਸਵਾ 40 ਬੋਤਲਾਂ ਨਾਜਾਇਜ਼ ਸ਼ਰਾਬ ਸਣੇ ਕਾਬੂ ਕੀਤਾ ਗਿਆ ਹੈ। ਪੁਲਸ ਨੇ ਆਬਕਾਰੀ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

ਗੁਰਦੁਆਰਾ ਬਾਬੇ ਸ਼ਹੀਦਾਂ ਵਿਖੇ ਅੰਮ੍ਰਿਤ ਸੰਚਾਰ ਭਲਕੇ

ਬਾਘਾ ਪੁਰਾਣਾ (ਮਨੀ ਸਿੰਗਲਾ)-ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਵਿਖੇ ਹਰ ਪੂਰਨਮਾਸ਼ੀ ਦਾ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾਂਦਾ ਹੈ ਤੇ ਭਾਰੀ ਦੀਵਾਨ ਸਜਦੇ ਹਨ। ਇਸ ਅਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ 06 ਅਪ੍ਰੈਲ ਨੂੰ ਸਵੇਰੇ ਸ਼੍ਰੀ ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ। ਉਪਰੰਤ ਰੱਬੀ ਬਾਣੀ ਦਾ ਕੀਰਤਨ ਰਾਗੀ ਜਥਿਆਂ ਸਮੇਤ ਭਾਈ ਇਕਬਾਲ ਸਿੰਘ ਲੰਗੇਆਣਾ ਵਾਲੇ ਦੁਪਹਿਰ 12 ਵਜੇ ਤੱਕ ਦੀਵਾਨ ਸਜਾਉਣਗੇ। ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਜੋ ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ 6 ਅਪ੍ਰੈਲ ਨੂੰ ਸਵੇਰੇ 8:30 ਵਜੇ ਤੱਕ ਗੁਰਦੁਆਰ ਸਾਹਿਬ ਵਿਖੇ ਪਹੁੰਚ ਜਾਣ ਤੇ ਉਨ੍ਹਾਂ ਨੂੰ ਕਕਾਰ ਭੇਟਾਂ ਰਹਿਤ ਦਿੱਤੇ ਜਾਣਗੇ, ਇਸ ਤੋਂ ਇਲਾਵਾ 20 ਕਿਲੋਮੀਟਰ ਦੀ ਦੂਰੀ ਤੋਂ ਆਉਣ ਵਾਲੇ ਅੰਮ੍ਰਿਤ ਅਭਿਲਾਸ਼ੀਆਂ ਨੂੰ ਕਿਰਾਇਆ ਵੀ ਦਿੱਤਾ ਜਾਵੇਗਾ ਤੇ ਬਸਤਰ ਵੀ ਵੰਡੇ ਜਾਣਗੇ।

ਬੇ-ਮੌਸਮੀ ਬਾਰਸ਼ ਨੇ ਕਣਕ ਦੀ ਫ਼ਸਲ ਕੀਤੀ ਤਬਾਹ, ਕਿਸਾਨ ਪ੍ਰੇਸ਼ਾਨ

ਮਮਦੋਟ (ਹਰਪਾਲ ਸਿੰਘ ਸੋਢੀ)-ਪੰਜਾਬ ਵਿੱਚ ਲਗਾਤਾਰ ਹੋ ਰਹੀ ਬੇਮੌਸਮੀ ਬਾਰਸ਼ ਨਾਲ ਕਿਸਾਨਾਂ ਦੀ ਚਿੰਤਾ ਹੋਰ ਵੱਧ ਗਈ ਹੈ, ਕਿਉਂਕਿ ਪਿਛਲੇ ਦਸ ਦਿਨ ਤੋਂ ਬਲਾਕ ਮਮਦੋਟ ਦੇ ਪਿੰਡਾਂ ਵਿੱਚ ਭਾਰੀ ਬਾਰਸ਼ ਹੋਣ ਕਰਕੇ ਕਣਕ, ਸਰ੍ਹੋਂ, ਸਬਜ਼ੀਆਂ ਸਮੇਤ ਕਈ ਫਸਲਾਂ ਵਿੱਚ ਪਾਣੀ ਖੜਾ ਹੋਣ ਕਾਰਨ ਕਾਫੀ ਨੁਕਸਾਨ ਹੋ ਚੁੱਕਾ ਹੈ। ਇਸ ਬੇਮੌਸਮੀ ਬਾਰਸ਼ ਨਾਲ ਕਣਕ ਦੀ ਪੱਕੀ ਫ਼ਸਲ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ, ਜਿਸ ਨਾਲ ਕਿਸਾਨ ਬਹੁਤ ਪ੍ਰਸ਼ਾਨ ਹਨ। ਮਮਦੋਟ ਵਿੱਚ ਪੈਂਦੇ ਪਿੰਡ ਭਾਵੜਾ ਆਜ਼ਮਸ਼ਾਹ ਦੇ ਕਿਸਾਨ ਸਰਪੰਚ ਗੁਰਬਖ਼ਸ਼ ਸਿੰਘ ਭਾਵੜਾ, ਜਸਵੰਤ ਸਿੰਘ ਸਾਬਕਾ ਸਰਪੰਚ, ਗੁਰਮੀਤ ਸਿੰਘ ਸਿੱਧੂ, ਡਾਕਟਰ ਜਸਵਿੰਦਰ ਸਿੰਘ, ਗਗਨਦੀਪ ਸਿੰਘ ਸਿੱਧੂ, ਮੇਹਰ ਸਿੰਘ, ਚੰਦ ਸਿੰਘ, ਪੰਜਾਂ ਸਿੰਘ, ਸਤਨਾਮ ਸਿੰ

page-6-5-(APRIL)-2023-G-(BV).qxd 4/4/2023 10:42 PM Page 1

ਲੋਕ ਮਸਲਿਆਂ ਨੂੰ ਲੈ ਕੇ ਜਨਤਕ ਲਾਮਬੰਦੀ ਮੁਹਿੰਮ ਚਲਾਈ ਜਾਵੇਗੀ : ਆਰ ਐੱਮ ਪੀ ਆਈ

ਗੁਰਦਾਸਪੁਰ (ਜਨਕ ਮਹਾਜਨ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੀ ਜ਼ਿਲ੍ਹਾ ਕਮੇਟੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਾਮਰੇਡ ਸ਼ਿਵ ਕੁਮਾਰ ਦੀ ਪ੍ਰਧਾਨਗੀ ਹੇਠ ਸ਼ਹੀਦ ਬਲਜੀਤ ਸਿੰਘ ਫਜਲਾਬਾਦ ਯਾਦਗਾਰ ਭਵਨ ਰੁਲੀਆ ਰਾਮ ਕਾਲੋਨੀ ਗੁਰਦਾਸਪੁਰ ਵਿਖੇ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਨਾਲ ਬਦਲਾਖੋਰੀ ਦੀ ਭਾਵਨਾ ਨਾਲ ਪੇਸ਼ ਆ ਰਹੀ ਹੈ। ਪੰਜਾਬ ਨੂੰ ਫ਼ਿਰਕੂ ਆਧਾਰ 'ਤੇ ਵੰਡਣ ਲਈ ਪੰਜਾਬੀਆਂ ਅਤੇ ਖ਼ਾਸ ਤੌਰ 'ਤੇ ਸਿੱਖ ਭਾਈਚਾਰੇ ਦੇ ਅਕਸ ਨੂੰ ਦੇਸ਼ ਦੁਨੀਆ ਭਰ ਵਿਚ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕੇ ਅੰਮ੍ਰਿਤਪਾਲ ਸਿੰਘ ਵਰਤਾਰੇ ਨੂੰ ਪੂਰੀ ਗਿਣੀ ਮਿਥੀ ਯੋਜਨਾ ਤਹਿਤ ਵਰਤਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕੇ ਕਾਲ਼ੇ ਕਾਨੂੰਨਾਂ ਖ਼ਿਲਾਫ਼ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਵਿਚ ਨਿਭਾਈ ਪੰਜਾਬੀਆਂ ਵੱਲੋਂ ਆਗੂ ਭੂਮਿਕਾ ਅਤੇ ਮੋਰਚੇ ਵਿਚ ਉਸਰੀ ਭਾਈਚਾਰਕ ਸਾਂਝ ਮੋਦੀ ਸਰਕਾਰ ਖ਼ਤਮ ਕਰਨਾ ਚਾਹੁੰਦੀ ਹੈ ਅਤੇ ਪੰਜਾਬ ਨੂੰ ਬਲੀ ਦਾ ਬੱਕਰਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪਹਿਲਾਂ ਹੀ ਵੱਡਾ ਸੰਤਾਪ ਹੰਢਾ ਚੁੱਕਾ ਹੈ। ਪੰਜਾਬੀ ਲੋਕ ਆਪਣੀ ਭਾਈਚਾਰਕ ਸਾਂਝ ਨੂੰ ਕਾਇਮ ਰੱਖਦਿਆਂ ਕਿਸੇ ਵੀ ਪੰਜਾਬ ਵਿਰੋਧੀ ਸਾਜ਼ਿਸ਼ ਨੂੰ ਕਾਮਯਾਬ ਨਹੀਂ ਹੋਣ ਦੇਣਗੇ। ਜ਼ਿਲ੍ਹਾ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਨੇ ਜ਼ਿਲ੍ਹਾ ਕਮੇਟੀ ਦੇ ਫ਼ੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਦੱਸਿਆ ਕਿ ਅਪ੍ਰੈਲ ਮਹੀਨੇ ਵਿਚ ਪਾਰਟੀ ਮੈਂਬਰਸ਼ਿਪ ਦਾ ਨਵੀਨੀਕਰਨ ਕੀਤਾ ਜਾਵੇਗਾ ਅਤੇ ਨਵੇਂ ਮੈਂਬਰ ਭਰਤੀ ਕੀਤੇ ਜਾਣਗੇ। 14 ਅਪ੍ਰੈਲ ਨੂੰ ਡਾ. ਅੰਬੇਡਕਰ ਦੇ ਜਨਮ ਦਿਹਾੜੇ 'ਤੇ ਇਕੱਤਰਤਾ ਕੀਤੀ ਜਾਵੇਗੀ ਅਤੇ 15 ਅਪ੍ਰੈਲ ਨੂੰ ਪਾਰਟੀ ਵੱਲੋਂ ਕੀਤੇ ਜਾ ਰਹੇ ਚੰਡੀਗੜ੍ਹ ਇਕੱਠ ਵਿਚ ਸ਼ਮੂਲੀਅਤ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ 1 ਮਈ ਤੋਂ 15 ਮਈ ਤੱਕ ਲੋਕਾਂ ਦੇ ਜੀਵਨ ਨਾਲ ਜੁੜੇ ਮੁੱਦਿਆਂ ਸਿਹਤ, ਸਿੱਖਿਆ, ਮਹਿੰਗਾਈ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ, ਫ਼ਿਰਕੂ ਫਾਸੀ ਰਾਜ ਸੱਤਾ ਦੇ ਕਾਰਪੋਰੇਟ ਪੱਖੀ ਅਤੇ ਫ਼ਿਰਕੂ ਆਧਾਰ ਤੇ ਧਰਮ ਆਧਾਰਿਤ ਰਾਜ ਸਥਾਪਿਤ ਕਰਨ ਦੇ ਮਨਸੂਬਿਆਂ ਵਿਰੁੱਧ ਜਨਤਕ ਲਾਮਬੰਦੀ ਮੁਹਿੰਮ ਚਲਾਈ ਜਾਵੇਗੀ।

ਮੀਟਿੰਗ ਵਿਚ ਮਤਾ ਪਾਸ ਕਰਕੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਬੇਮੌਸਮੀ ਬਰਸਾਤ ਦੇ ਕਾਰਨ ਬਰਬਾਦ ਹੋਈ ਫ਼ਸਲ ਦਾ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਫ਼ੌਰੀ ਤੌਰ 'ਤੇ ਯੋਗ ਮੁਆਵਜ਼ਾ ਦਿੱਤਾ ਜਾਵੇ ਅਤੇ ਇਹ ਵੀ ਮੰਗ ਕੀਤੀ ਕਿ ਬੇਦੋਸ਼ੇ ਤੇ ਸ਼ੱਕ ਦੇ ਆਧਾਰ ਗ੍ਰਿਫ਼ਤਾਰ ਲੋਕਾਂ ਨੂੰ ਤੁਰੰਤ ਰਿਹਾ ਕੀਤਾ ਜਾਵੇ।

ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਖ਼ਜ਼ਾਨਚੀ ਮਾਸਟਰ ਸੁਭਾਸ਼ ਸ਼ਰਮਾ, ਹਰਿੰਦਰ ਸਿੰਘ ਰੰਧਾਵਾ, ਠਾਕੁਰ ਧਿਆਨ ਸਿੰਘ, ਮੱਖਣ ਸਿੰਘ ਕੁਹਾੜ, ਜਸਵੰਤ ਸਿੰਘ ਸੰਧੂ, ਅਜੀਤ ਸਿੰਘ ਹੁੰਦਲ, ਸੰਤੋਖ ਸਿੰਘ ਔਲਖ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਗੁਰਦਿਆਲ ਸਿੰਘ ਸੋਹਲ, ਬਲਵੰਤ ਸਿੰਘ ਘੋਹ, ਅਵਿਨਾਸ਼ ਸਿੰਘ, ਸੁਰਜੀਤ ਸਿੰਘ ਘੁਮਾਣ, ਬਲਕਾਰ ਚੰਦ ਭਰਿਆਲ ਲਾਹੜੀ ਅਤੇ ਹੋਰ ਆਗੂਆਂ ਨੇ ਸੰਬੋਧਨ ਕੀਤਾ।

ਗੁਰੂ ਘਰਾਂ ਦੁਆਲਿਉਂ ਤੁਰੰਤ ਫੋਰਸ ਹਟਾਏ ਸਰਕਾਰ : ਧਾਮੀ

ਸ੍ਰੀ ਅਨੰਦਪੁਰ ਸਾਹਿਬ, (ਅਰਵਿੰਦਰ ਸਿੰਘ ਬਿੰਦੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਨੂੰ ਕਿਹਾ ਕਿ ਗੁਰਦੁਆਰਾ ਸਾਹਿਬਾਨ ਦੁਆਲਿਉਂ ਪੁਲਸ ਫੋਰਸ ਨੂੰ ਤੁਰੰਤ ਹਟਾਇਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰ ਵਲੋਂ ਦੋਗਲੀ ਨੀਤੀ ਤਹਿਤ ਇਹ ਫੋਰਸ ਲਗਾਈ ਗਈ ਹੈ ਜਿਸ ਨਾਲ ਦਹਿਸ਼ਤ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਸ਼ਰਧਾਲੂਆਂ ਦੇ ਮਨਾਂ ਨੂੰ ਇਸ ਨਾਲ ਠੇਸ ਪਹੁੰਚ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸ਼ਾਂਤੀ ਦਾ ਮਾਹੌਲ ਹੈ ਪਰ ਅਫਸੋਸ ਸਰਕਾਰ ਕਿਸੇ ਲੁਕਵੇਂ ਅਜੰਡੇ ਤਹਿਤ ਇਸ ਤਰ੍ਹਾਂ ਦਾ ਵਿਵਹਾਰ ਕਰ ਰਹੀ ਹੈ ਜੋ ਅਤਿ ਮੰਦਭਾਗਾ ਹੈ। ਇਕ ਸੁਆਲ ਦੇ ਜੁਆਬ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ਼੍ਰੀ ਅਕਾਲ ਤਖਤ ਦੀ ਸਿੱਖ ਰਹਿਤ ਮਰਿਆਦਾ ਹੀ ਸਮੁੱਚੇ ਪੰਥ ਦੀ ਮਰਿਆਦਾ ਹੈ। ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ ਜਾਂ ਹੋਰ ਕਿਸੇ ਜਥੇਬੰਦੀ ਦੀ ਮਰਿਆਦਾ ਨੂੰ ਪੰਥ ਦੀ ਮਰਿਆਦਾ ਨਹੀ ਮੰਨਿਆ ਜਾ ਸਕਦਾ। ਕੇਵਲ ਤੇ ਕੇਵਲ ਸ੍ਰੀ ਅਕਾਲ ਤਖਤ ਦੀ ਮਰਿਆਦਾ ਨੂੰ ਮੰਨਣਾ ਹੀ ਸਮੁੱਚੇ ਪੰਥ ਦਾ ਫਰਜ਼ ਹੈ। ਉਨ੍ਹਾਂ ਕਿਹਾ ਸਮੁੱਚੇ ਪੰਥ ਵਿਚ ਇਸੀ ਮਰਿਆਦਾ ਨੂੰ ਲਾਗੂ ਕਰਾਉਣ ਲਈ ਸ਼੍ਰੋਮਣੀ ਕਮੇਟੀ ਹਮੇਸ਼ਾ ਹੀ ਯਤਨਸ਼ੀਲ ਹੈ। ਸਰਬੱਤ ਖਾਲਸਾ ਬੁਲਾਉਣ ਸਬੰਧੀ ਪੁੱਛੇ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਇਹ ਅਕਾਲ ਤਖਤ ਦੇ ਜਥੇਦਾਰ ਦੇ ਅਧਿਕਾਰ ਖੇਤਰ ਦਾ ਮਸਲਾ ਹੈ ਤੇ ਉਹ ਹੀ ਇਸ ਸਬੰਧੀ ਜੁਆਬ ਦੇ ਸਕਦੇ ਹਨ। ਇਸ ਮੌਕੇ ਉਨ੍ਹਾਂ ਦੇ ਨਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸੁਖਵਿੰਦਰ ਸਿੰਘ ਵਿਦਿਅਕ ਸਕੱਤਰ, ਮੈਂਬਰ ਸ਼੍ਰੋਮਣੀ ਕਮੇਟੀ ਸਰਵਣ ਸਿੰਘ ਕੁਲਾਰ, ਮੈਨੇਜਰ ਗੁਰਦੀਪ ਸਿੰਘ ਕੰਗ, ਐਡੀਸ਼ਨਲ ਮੈਨੇਜਰ ਹਰਦੇਵ ਸਿੰਘ ਆਦਿ ਹਾਜ਼ਰ ਸਨ।

ਲਾਲਪੁਰਾ ਨੇ ਬਾਰਿਸ਼ ਕਾਰਨ ਕਿਸਾਨਾਂ ਦੇ ਹੋਏ ਨੁਕਸਾਨ ਦਾ ਜਾਇਜਾ ਲਿਆ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ) -ਬੇਮੌਸਮੀ ਬਾਰਿਸ਼ ਕਾਰਨ ਕਿਸਾਨਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜਵੀਰ ਸਿੰਘ ਲਾਲਪੁਰਾ ਨੇ ਸ੍ਰੀ ਚਮਕੌਰ ਸਾਹਿਬ ਹਲਕੇ 'ਚ ਪੈਂਦੇ ਪਿੰਡਾਂ ਦਾ ਦੌਰਾ ਕੀਤਾ। ਲਾਲਪੁਰਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਬੇਮੌਸਮੀ ਬਾਰਸ਼ ਕਾਰਨ ਬਰਬਾਦ ਹੋਈਆਂ ਫਸਲਾਂ ਦੀ ਜਲਦ ਤੋਂ ਜਲਦ ਗਿਰਦਾਵਰੀ ਕਰਵਾਉਣ ਅਤੇ ਪੀੜਤ ਕਿਸਾਨਾਂ ਨੂੰ ਜਲਦ ਤੋਂ ਜਲਦ ਵੱਧ ਤੋਂ ਵੱਧ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਕਿਸਾਨ ਸਾਡੇ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ, ਪੰਜਾਬ ਸੂਬੇ ਦੀ ਅਰਥ ਵਿਵਸਥਾ ਪੂਰਨ ਤੌਰ 'ਤੇ ਕਿਸਾਨੀ ਉੱਤੇ ਨਿਰਭਰ ਕਰਦੀ ਹੈ ਤੇ ਬੇਮੌਸਮੀ ਬਾਰਸ਼ ਅਤੇ ਫਾਜ਼ਿਲਕਾ ਪਿੱਤੇ ਵਿਚ ਆਏ ਤੂਫਾਨ ਕਾਰਨ ਬਰਬਾਦ ਹੋਈ ਫਸਲਾਂ ਕਾਰਨ ਪੰਜਾਬ ਦੀ ਅਰਥ ਵਿਵਸਥਾ ਨੂੰ ਵੀ ਕਾਫੀ ਢਾਹ ਲੱਗੀ ਹੈ। ਉਨ੍ਹਾਂ ਮੁੱਖ ਮੰਤਰੀ ਅਤੇ ਖੇਤੀਬਾੜੀ ਮੰਤਰੀ ਤੋਂ ਮੰਗ ਕੀਤੀ ਕਿ ਕਿਸਾਨ ਸਾਡਾ ਅੰਨਦਾਤਾ ਹੈ ਤੇ ਸੂਬੇ ਦੇ ਸਾਰੇ ਕੰਮ ਛੱਡ ਕੇ ਸਰਕਾਰ ਪਹਿਲਾਂ ਕਿਸਾਨਾਂ ਨੂੰ ਮੁਆਵਜ਼ਾ ਪ੍ਰਦਾਨ ਕਰੇ ਤਾਂ ਜੋ ਭਵਿੱਖ ਵਿਚ ਕੋਈ ਵੀ ਕਿਸਾਨ ਗ਼ਲਤ ਕਦਮ ਚੁੱਕਣ ਲਈ ਮਜ਼ਬੂਰ ਨਾ ਹੋਵੇ। ਇਸ ਮੌਕੇ ਸ੍ਰੀ ਚਮਕੌਰ ਸਾਹਿਬ ਦੇ ਮੰਡਲ ਪ੍ਰਧਾਨ ਜਗਦੀਪ ਸਿੰਘ, ਸੰਗਤ ਸਿੰਘ ਭਾਮੀਆ ਕੌਂਸਲਰ, ਨਾਗਰ ਸਿੰਘ, ਸੁਖਬੀਰ ਸਿੰਘ ਤੰਬੜ, ਗੁਰਕੀਰਤ ਸਿੰਘ ਸੈਣੀ, ਐਡਵੋਕੇਟ ਅਮਨ ਕਾਬੜਵਾਲ ਆਦਿ ਸਮੇਤ ਵੱਡੀ ਗਿਣਤੀ ਕਿਸਾਨ ਮੌਜੂਦ ਸਨ।

ਗੁਰਦਾਸਪੁਰ ਨਗਰ ਸੁਧਾਰ ਟਰੱਸਟ ਗੁਰਦਾਸਪੁਰ-143521

ਵਿਰਾਸਤ ਤਬਦੀਲ ਇਸਤਹਾਰ ਪ੍ਰਕਾਸ਼ਿਤ ਕਰਨ ਸੰਬੰਧੀ।
ਵਿਸ਼ਾ:- ਵਾਕਿਆ ਸਕੀਮ ਨੰ 07 ਵਿੱਚ ਪੈਂਦੇ ਪਲਾਟ ਨੰ 406 ਰਕਬਾ 200 ਵਰ ਗਜ਼ ਦੀ ਸ੍ਰੀ ਸੁਰਿਦਰ ਨਾਥ ਮਹਾਜਨ ਪੁੱਤਰ ਗੁਰਾਦਿੱਤਾ ਮੱਲ ਵਾਸੀ ਦੀ ਮੌਤ ਮਿਤੀ 05/11/2017 ਤੋਂ ਬਾਅਦ ਵਾਰਸ ਸਰਟੀਫਿਕੇਟ ਅਨੁਸਾਰ ਟਰੱਸਟ ਰਿਕਾਰਡ ਵਿੱਚ ਨਾਮ ਦਰਜ ਕਰਨ ਸੰਬੰਧੀ। ਵਾਕਿਆ ਸਕੀਮ ਨੰ 07 ਵਿਚ ਪੈਂਦੇ ਪਲਾਟ ਨੰਬਰ 406 ਰਕਬਾ 200 ਵਰ ਮੀ: ਟਰੱਸਟ ਦਫਤਰ ਦੇ ਰਿਕਾਰਡ ਵਾਚਿਆ ਗਿਆ ਹੈ। ਦਫਤਰ ਦੇ ਪੱਤਰ ਨੰਬਰ 2152 ਮਿਤੀ 30/08/2011 ਰਾਹੀ ਸ੍ਰੀ ਸੁਰਿੰਦਰ ਨਾਥ ਮਹਾਜਨ ਪੁੱਤਰ ਸ੍ਰੀ ਗੁਰਾਦਿੱਤਾ ਮੱਲ ਵਾਸੀ ਸਿਵਮ ਮੈਡੀਕਿਸ, ਤਿਬੰਤੀ ਰੋਡ ਗੁਰਦਾਸਪੁਰ ਤਹਿ: ਜਿਲ੍ਹਾਂ ਗੁਰਦਾਸਪੁਰ (ਪੰਜਾਬ) ਦੇ ਨਾਮ ਤੇ ਅਲਾਟਮੈਂਟ ਪੱਤਰ ਜਾਰੀ ਕੀਤਾ ਗਿਆ ਸੀ। ਪਲਾਟ ਦਾ ਰਿਹਾਇਸੀ ਮਕੰਦ ਲਈ ਵਿਕਰੀ ਇਕਰਾਰਨਾਮਾ ਹੋਣ ਯੋਗ ਹੈ। ਪਲਾਟ ਦੀ ਬਣਦੀ ਕਿਸਤਾ ਦੀ ਰਕਮ ਜਮਾ ਹੈ। ਅਤੇ ਵਧੇ ਮੁਆਵਜੇ ਦੀ ਰਕਮਦੀ ਦੂਸਰੀ ਕਿਸਤ ਅਤੇ ਨਾ ਉਸਾਰੀ ਫ਼ੀਸ 2020 ਤੋਂ ਟਰੱਸਟ ਫੰਡ ਵਿਚ ਜਮਾਂ ਹੋਣ ਯੋਗ ਹੈ। ਹੁਣ ਇਸ ਦਫਤਰ ਦੇ ਡਾਇਰੀ 275 ਮਿਤੀ 29/03/2023 ਰਾਹੀ ਸ੍ਰੀ ਵਿਕਾਸ ਮਹਾਜਨ ਪੁੱਤਰ ਸ੍ਰੀ ਸੁਰਿਦਰ ਨਾਥ ਮਹਾਜਨ ਵਾਸੀ ਨੰਗਲ ਕੋਟਲੀ ਨੇੜੇ ਹਚ ਟਾਵਰ, ਗੁਰਦਾਸਪੁਰ, ਤਹਿ: ਜਿਲਾਂ ਗੁਰਦਾਸਪੁਰ (ਪੰਜਾਬ) ਨੇ ਟਰੱਸਟ ਦਫ਼ਤਰ ਵਿਖੇ ਬਹਤੀ ਪੱਤਰ ਨਾਲ ਦਸਤਾਵਜ ਨੱਥੀ ਕਰਕੇ ਬੇਨਤੀ ਕੀਤੀ ਹੈ। ਕਿ ਉਸਦੇ ਪਿਤਾ ਲੇਟ ਸ੍ਰੀ ਸੁਰਿਦਰ ਨਾਥ ਮਹਾਜਨ, ਦੀ ਮੌਤ ਮਿਤੀ 05/11/2017 ਨੂੰ ਹੋ ਗਈ ਸੀ ਜਿਸਦੀ ਰਜਿਸਟ੍ਰੇਸ਼ਨ ਮਿਤੀ 07/11/2017 ਮੌਤ ਮਿਤੀ 07/11/2017 ਲੋਕਲ ਰਜਿਸਟਰਾਰ ਜਨਮ ਅਤੇ ਮੌਤ ਮਿਉਂਸਿਪਲ ਕਮੇਟੀ ਗੁਰਦਾਸਪੁਰ ਵੱਲੋਂ ਲੜੀ ਨੰ 2856727 ਮਿਤੀ 15-11-2017 ਰਾਹੀ ਜਾਰੀ ਕੀਤਾ ਗਿਆ ਹੈ। ਅਤੇ ਵਾਰਸ ਸਰਟੀਫਿਕੇਟ ਪੱਤਰ ਨੰ. 95 ਮਿਤੀ 14/03/2023 ਤਹਿਸੀਲਦਾਰ ਗੁਰਦਾਸਪੁਰ ਜੀ ਵੱਲੋ ਜਾਰੀ ਕੀਤਾ ਗਿਆ ਹੇਸਿਸ ਵਿਚ 1. ਵਿਕਾਸ ਮਹਾਜਨ ਪੁੱਤਰ, ਅਧਾਰ ਨੰ. 7144-1108-0854 2. ਚੇਚਲ ਮਹਾਜਨ ਪਤਨੀ ਅਧਾਰ ਨੰ. 6534-4980-6190, 3. ਵਿਮੀ ਮਹਾਜਨ ਪੁੱਤਰੀ ਅਧਾਰ ਨੰ. 2932-3540-1251 4. ਵਿਸਲ ਮਹਾਜਨ ਪੁੱਤਰ ਅਧਾਰ ਨੰ. 7312-1846-4901 ਵਾਰਸ ਘੋਸ਼ਿਤ ਕੀਤੇ ਗਏ ਹਨ। ਦੇ ਅਸਲ ਸਰਟੀਫਿਕੇਟ ਨਾਲ ਨੱਥੀ ਅਤੇ ਵਾਰਸਾ ਵੱਲੋ ਤਸਦੀਕ ਸੁਦਾ ਹਲਫੀਆ ਬਿਆਨ ਨੰ: ਆਰਵੀਐਨ 47133747 ਅਧਾਰ ਨੰ: 7144-1108-0854 ਵਾਰਸਾ ਵੱਲੋ ਇਕੱਠਾ ਹਲਫੀਆ ਬਿਆਨ ਆਰਵੀਐਲ ਨੰ: 47133996 ਮਿਤੀ 22/03/2023 ਅਤੇ ਸਵੈ ਘੋਸ਼ਣਾ ਪੱਤਰ, ਆਈਡੀ ਪ੍ਰੂਫ਼ ਅਧਾਰ ਕਾਰਡ ਨਾਲ ਨੱਥੀ ਕਰਕੇ ਵਾਰਸ ਸਰਟੀਫਿਕੇਟ ਅਨੁਸਾਰ ਉਪਰੋਕਤ ਪਲਾਟ ਦੀ ਟਰੱਸਟ ਦੇ ਰਿਕਾਰਡ ਵਿਚ ਨਾਮ ਅੰਦਰੀ ਕਰਨ ਲਈ ਬੇਨਤੀ ਕੀਤੀ ਹੈ। ਉਪਰੋਕਤ ਪਲਾਟ ਦੀ ਵਾਰਸ ਸਰਟੀਫਿਕੇਟ ਅਨੁਸਾਰ ਟਰਸਟ ਰਿਕਾਰਡ ਵਿਚ ਨਾਮ ਅੰਦਰੀ ਕਰਨ ਲਈ ਟਰੱਸਟ ਦਫਤਰ ਵਿਚ ਮਾਮਲਾ ਵਿਚਾਰੂ ਅਧੀਨ ਹੈ। ਇਸ ਨੋਟਿਸ ਦੇ ਪ੍ਰਕਾਸ਼ਿਤ ਹੋਣ ਤੋਂ ਇਕ ਮਹੀਨੇ ਦੇ ਅੰਦਰ ਜੇਕਰ ਕਿਸੇ ਆਮ ਜਾਂ ਖਾਸ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ ਉਹ ਟਰੱਸਟ ਦਫਤਰ ਵਿਚ ਨਿਜੀ ਤੌਰ ਤੇ ਜਾਂ ਰਜਿਸਟਰਡ ਪੱਤਰ ਰਾਹੀ ਆਪਣਾ ਇਤਰਾਜ ਦਰਜ ਕਰਵਾ ਸਕਦਾ ਹੈ, ਮਿਥੇ ਸਮੇਂ ਤੋਂ ਬਾਅਦ ਕਿਸੇ ਵੀ ਕਿਸਮ ਦਾ ਹੈਜ਼ਰ ਨਹੀਂ ਮੰਨਿਆ ਜਾਵੇਗਾ। ਸੂਚਿਤ ਹੋਵੇ ਜੀ।

ਕਾਰਜ ਸਾਧਕ ਅਫਸਰ, ਨਗਰ ਸੁਧਾਰ ਟਰੱਸਟ ਗੁਰਦਾਸਪੁਰ

ਪਬਲਿਕ ਨੋਟਿਸ

ਮੈਂ ਭਾਨੂੰ ਪ੍ਰਤਾਪ ਸਿੰਘ ਪੁਰੇਵਾਲ ਪੁੱਤਰ ਸ੍ਰੀ ਪਰਮਜੀਤ ਸਿੰਘ ਵਾਸੀ ਮਕਾਨ ਨੰਬਰ 1529, ਅਰਬਨ ਅਸਟੇਟ ਫੇਜ II, ਗੜਾ, ਜਿਲਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰੇ ਫਲੈਟ ਨੰਬਰ EWS 760-A, ਹਾਊਸਿੰਗ ਬੋਰਡ ਕਲੋਨੀ, ਗੁਰੂ ਤੇਗ ਬਾਹਦਰ ਨਗਰ, ਜਲੰਧਰ ਦਾ ਅਲਾਟਮੈਂਟ ਲੈਟਰ ਨੰਬਰ PHB-AII1/80/16785 dated 13.11.1980 ਅਤੇ ਉਕਤ ਫਲੇਟ ਦਾ ਮੁਖਤਾਰਨਾਮਾ ਆਮ ਨੰਬਰੀ 1293 ਮਿਤੀ 13.03.1981 ਐਸ.ਆਰ ਜਲੰਧਰ ਹੈ ਅਤੇ ਜਿਸਦਾ ਵਸੀਕਾ ਨਬਰ 95 ਮਿਤੀ 12.03.1981 ਹੈ, ਕਿਧਰੇ ਗੁਮ ਹੋ ਗਿਆ ਹੈ। ਜਿਸਦੀ ਮੈਂ ਬਹੁਤ ਭਾਲ ਕੀਤੀ ਪਰ ਨਹੀਂ ਮਿਲਿਆ। ਅਗਰ ਕਿਸੇ ਵਿਅਕਤੀ ਨੂੰ ਉਕਤ ਦਸਤਾਵੇਜ ਮਿਲਦੇ ਹਨ ਤਾਂ ਉਪਰ ਦਿੱਤੇ ਪਤੇ ਤੇ ਸੰਪਰਕ ਕਰੋ।

ਜਲੰਧਰ ਵਿਕਾਸ ਅਥਾਰਟੀ, ਜਲੰਧਰ
ਐਸ.ਸੀ.ਓ. ਨੰ. 41, ਸਾਹਮਣੇ ਤਹਿਸੀਲ ਕੰਪਲੈਕਸ, ਜਲੰਧਰ।

ਪਬਲਿਕ ਨੋਟਿਸ

ਆਮ ਪਬਲਿਕ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੋਜੈਕਟ ਅਰਬਾਨਾ ਟਾਊਨਸ਼ਿਪ ਦੀ ਸਥਾਪਨਾ ਹਿੰਡ ਰਿਹਾਇਸ਼ੀ ਪਲਾਟਡ ਡਿਵੈਲਪਮੈਂਟ ਪ੍ਰੋਜੈਕਟਰ ਰਕਬਾ 23.58 ਏਕੜ ਦਾ ਲਾਇਸੈਂਸ ਨੰ. ਜੇ.ਡੀ.ਏ./2020/42, ਮਿਤੀ 15.06.2020, ਅਰਬਾਨਾ ਬਾਈਏ ਜੀ.ਆਈ. ਰਕਬਾ 22.73 ਏਕੜ ਲਾਇਸੈਂਸ ਨੰ. ਜੇ.ਡੀ.ਏ.-2018/29, ਮਿਤੀ 02.11.2018 ਸਪਲੀਮੈਂਟਰੀ ਲਾਇਸੈਂਸ ਅਰਬਾਨਾ ਬਾਈ ਏ.ਜੀ.ਆਈ. ਰਕਬਾ 2.258 ਏਕੜ ਲਾਇਸੈਂਸ ਨੰ. 2020/46, ਮਿਤੀ 04.03.2021 ਅਤੇ ਅਰਬਾਨਾ ਟਾਊਨਸ਼ਿਪ ਰਕਬਾ 51.99 ਏਕੜ ਲਾਇਸੈਂਸ ਨੰ. ਜੇ.ਡੀ.ਏ.-2022/52, ਮਿਤੀ 02.09.2022 ਜਾਰੀ ਕੀਤੇ ਗਏ ਸਨ। ਇਸ ਕਾਲੋਨੀਆਂ ਦਾ ਕੰਪੋਜ਼ਿਟ ਲੇਆਊਟ ਪਲੈਨ ਡਰਾਇੰਗ ਨੰ. AGI Township-01/2022 dated 02.03.2022 ਇਸ ਦਫਤਰ ਦੇ ਪੱਤਰ ਨੰ. 6456, ਮਿਤੀ 12.09.2022 ਰਾਹੀਂ ਜਾਰੀ ਕੀਤਾ ਹੋਇਆ ਹੈ। ਹੁਣ ਪ੍ਰੋਮੋਟਰ ਵਲੋਂ ਪ੍ਰੋਜੈਕਟ ਦਾ ਰਿਵਾਈਜ਼ਡ ਕੰਪੋਜ਼ਿਟ ਲੇਆਊਟ ਪਲੈਨ ਡਰਾਇੰਗ ਨੰ. AGI Township-01/2023-Revised, Dated 20.03.2023 ਪ੍ਰਵਾਨਗੀ ਲਈ ਪੇਸ਼ ਕੀਤਾ ਗਿਆ ਹੈ, ਜੋ ਦਫਤਰ ਮੁੱਖ ਪ੍ਰਸ਼ਾਸਕ, ਜੇ.ਡੀ.ਏ ਐੱਸ.ਸੀ.ਓ. ਨੰ. 41

5-APRIL-PAGE-7.qxd 4/4/2023 10:38 PM Page 1

ਮਾਨ ਸਰਕਾਰ ਦੇ ਟਾਲ-ਮਟੋਲ ਵਾਲੇ ਰਵੱਈਏ ਤੋਂ ਐੱਨ ਪੀ ਐੱਸ ਮੁਲਾਜ਼ਮ ਖਫਾ

■ ਅਪ੍ਰੈਲ ਮਹੀਨੇ ਵੱਡੇ ਸੰਘਰਸ਼ਾਂ ਦਾ ਐਲਾਨ

ਧੂਰੀ (ਸੁਖਦੇਵ ਧੂਰੀ)-ਐੱਨ ਪੀ ਐੱਸ ਮੁਲਾਜ਼ਮਾਂ ਵਿੱਚ ਭਾਰੀ ਰੋਸ ਨੂੰ ਦੇਖਦਿਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਦੀ ਗੂਗਲ ਮੀਟ 'ਤੇ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸੂਬਾ ਭਰ ਦੇ ਐੱਨ ਪੀ ਐੱਸ ਮੁਲਾਜ਼ਮਾਂ ਵਿੱਚ ਫੈਲੇ ਰੋਸ ਤੇ ਨਿਰਾਸ਼ਾ, ਪੁਰਾਣੀ ਪੈਨਸ਼ਨ ਬਹਾਲੀ ਦੇ ਐਲਾਨ ਤੋਂ ਚਾਰ ਮਹੀਨੇ ਬੀਤ ਜਾਣ ਤੋਂ ਬਾਅਦ ਵੀ ਜੀ ਪੀ ਐੱਫ ਕਟੌਤੀ ਸ਼ੁਰੂ ਨਾ ਹੋਣਾ, ਐੱਨ ਪੀ ਐੱਸ ਕਟੌਤੀ ਦਾ ਬੰਦ ਨਾ ਹੋਣਾ, ਮੀਟਿੰਗ ਦਾ ਸਮਾਂ ਵਾਰ ਵਾਰ ਬਦਲਣਾ ਮੁੱਖ ਮੁੱਦੇ ਰਹੇ। ਯਾਦ ਰਹੇ ਅਕਤੂਬਰ 2022 ਵਿੱਚ ਪੰਜਾਬ ਦੇ ਮੁੱਖ ਮੰਤਰੀ ਸ: ਭਗਵੰਤ ਮਾਨ ਵੱਲੋਂ ਐੱਨ ਪੀ ਐੱਸ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਐਲਾਨ ਕੀਤਾ ਗਿਆ ਸੀ। ਜਦੋਂ ਚਾਰ ਮਹੀਨੇ ਬੀਤ ਜਾਣ ਬਾਅਦ ਵੀ ਪੁਰਾਣੀ ਪੈਨਸ਼ਨ ਬਹਾਲੀ ਨੂੰ ਅਮਲੀ ਜਾਮਾ ਪੈਂਦਾ ਨਾ ਦਿਸਿਆ ਤਾਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਵੱਲੋਂ 26 ਫਰਵਰੀ 2023 ਨੂੰ ਸੂਬਾ ਪੱਧਰੀ ਰੈਲੀ ਦਾ ਐਲਾਨ ਕੀਤਾ ਗਿਆ। ਇਸ ਐਲਾਨ ਤੋਂ ਬਾਅਦ ਸਰਕਾਰ ਵੱਲੋਂ ਡੀ ਸੀ ਸੰਗਰੂਰ ਦੇ ਰਾਹੀਂ 16 ਮਾਰਚ ਨੂੰ ਮੀਟਿੰਗ ਦਾ ਸਮਾਂ ਦਿੱਤਾ ਜੋ ਕਿ ਬਾਅਦ ਵਿੱਚ ਵਾਰ ਵਾਰ ਬਦਲਦਿਆਂ 29 ਮਾਰਚ ਤੇ 6 ਅਪ੍ਰੈਲ ਕੀਤਾ ਗਿਆ। ਇਸ ਗੱਲ ਦਾ ਪੰਜਾਬ ਦੇ ਸਮੂਹ ਐੱਨ ਪੀ ਐੱਸ ਮੁਲਾਜ਼ਮਾਂ ਵਿੱਚ ਭਾਰੀ ਰੋਸ ਫੈਲ ਗਿਆ। ਇਸ ਰੋਸ ਵਜੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੀ ਸੂਬਾ ਕਮੇਟੀ ਨੇ ਸੂਬਾ ਪੱਧਰੀ ਐਕਸ਼ਨਾਂ ਦਾ ਐਲਾਨ ਕੀਤਾ ਹੈ। ਇਸ ਤਹਿਤ ਅਪ੍ਰੈਲ ਦੇ ਪਹਿਲੇ ਹਫਤੇ ਨੂੰ ਕਾਲੇ ਬਿੱਲੇ ਲਾ ਕੇ ਮੁਲਾਜ਼ਮ ਕਾਲਾ ਹਫਤਾ ਮਨਾਉਣਗੇ ਤੇ ਜੇਕਰ ਸਰਕਾਰ ਵੱਲੋਂ 6 ਅਪ੍ਰੈਲ ਦੀ ਮਿੱਥੀ ਗਈ ਮੀਟਿੰਗ ਸਬੰਧੀ ਕੋਈ ਟਾਲਮਟੋਲ ਕੀਤੀ ਗਈ ਜਾਂ ਸਾਰਥਕ ਸਿੱਟੇ ਨਹੀਂ ਆਏ ਤਾਂ 22 ਅਪ੍ਰੈਲ ਨੂੰ ਜਲੰਧਰ ਵਿਖੇ ਜ਼ਬਰਦਸਤ ਝੰਡਾ ਮਾਰਚ ਕੀਤਾ ਜਾਵੇਗਾ।

ਆਗੂ ਇਸ ਤਿਆਰੀ ਵਿੱਚ ਜੁਟ ਚੁੱਕੇ ਹਨ ਕਿ ਕਿਵੇਂ ਇਸ ਮਾਰਚ ਰਾਹੀਂ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਦੀ ਪੋਲ ਖੋਲ੍ਹੀ ਜਾਵੇ। ਇਹ ਗੱਲ ਜਲੰਧਰ ਦੇ ਲੋਕਾਂ ਦੀ ਕਚਹਿਰੀ ਵਿੱਚ ਲਿਆਂਦੀ ਜਾਵੇਗੀ ਕਿ ਕਿਵੇਂ ਸਰਕਾਰ ਨੇ ਸਿਰਫ ਐਲਾਨ ਕਰਕੇ ਸਿਆਸੀ ਲਾਹੇ ਖੱਟੇ ਹਨ। ਇਸੇ ਕੜੀ ਤਹਿਤ ਐੱਨ ਪੀ ਐੱਸ ਕਟੌਤੀ ਬੰਦ ਨਾ ਹੋਣ ਤੇ ਜੀ ਪੀ ਐੱਫ ਦੇ ਖਾਤੇ ਖੋਲ੍ਹ ਕੇ ਕਟੌਤੀ ਸ਼ੁਰੂ ਨਾ ਕਰਨ, ਪੁਰਾਣੀ ਪੈਨਸ਼ਨ ਬਹਾਲ ਨਾ ਕਰਨ ਦੇ ਰੋਸ ਵਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁੰਨਾਂਵਾਲ ਦੇ ਸਟਾਫ ਨੇ ਪੰਜਾਬ ਸਰਕਾਰ ਦੇ ਪੁਰਾਣੀ ਪੈਨਸ਼ਨ ਬਹਾਲੀ ਦੇ ਨੋਟੀਫਿਕੇਸ਼ਨ ਦੀਆਂ ਕਾਪੀਆਂ ਸਾੜੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਨਵਜੋਤ ਕੌਰ, ਹਰਦੀਪ ਕੌਰ ਮੀਨੂੰ ਗੁਪਤਾ, ਦਿਪਤੀ ਜੈਨ, ਵੰਦਨਾ, ਮੀਨੂੰ ਵਰਮਾ, ਜਗਸੀਰ ਸਿੰਘ, ਮਨੀਸ਼ ਗੋਇਲ ਹਾਜ਼ਰ ਸਨ।

ਇਲੈਕਟ੍ਰੋਨਿਕ ਕੰਡਿਆਂ ਦਾ ਆੜ੍ਹਤੀਆਂ ਨੇ ਕੀਤਾ ਵਿਰੋਧ

ਮੁੱਖ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਗਤਾਰ ਸਿੰਘ ਸਮਰਾ ਦੀ ਅਗਵਾਈ ਹੇਠ ਇਕੱਠੇ ਹੋਏ ਆੜ੍ਹਤੀਆਂ ਨੇ ਇਲੈਕਟ੍ਰੋਨਕ ਕੰਡਿਆ ਦਾ ਵਿਰੋਧ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੇ ਨਾਮ 'ਤੇ ਸਥਾਨਕ ਮਾਰਕਿਟ ਕਮੇਟੀ ਧੂਰੀ ਦੇ ਅਧਿਕਾਰੀਆਂ ਨੂੰ ਇੱਕ ਮੰਗ ਪੱਤਰ ਸੌਂਪਿਆ। ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਪ੍ਰਧਾਨ ਜਗਤਾਰ ਸਿੰਘ ਸਮਰਾ ਨੇ ਕਿਹਾ ਕਿ ਇੱਕ ਵਿਸ਼ੇਸ਼ ਵਰਗ ਦੀ ਇਲੈਕਟ੍ਰੋਨਕ ਕੰਡਿਆਂ ਦੀ ਕੰਪਨੀਆਂ ਨਾਲ ਗੰਢਤੁੱਪ ਹੋਣ ਤੋਂ ਬਾਅਦ ਆੜ੍ਹਤੀਆਂ 'ਤੇ ਕਰੋੜਾਂ ਰੁਪੈ ਦਾ ਵਾਧੂ ਬੋਝ ਪਾਇਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਆੜ੍ਹਤੀ-ਕਿਸਾਨ ਮਾਰੂ ਫ਼ੈਸਲਾ ਵਾਪਸ ਲਿਆ ਜਾਵੇ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੇਂਦਰ ਸਰਕਾਰ ਨਾਲ ਰਾਬਤਾ ਕਰਕੇ 2.5 ਫੀਸਦੀ ਆੜ੍ਹਤ ਬਹਾਲ ਕਰਵਾਈ ਜਾਵੇ। ਮਾਰਕਿਟ ਕਮੇਟੀ ਵਿੱਚ ਖਾਲੀ ਅਸਾਮੀਆਂ ਭਰੀਆਂ ਜਾਣ ਤਾਂ ਜੋ ਆੜ੍ਹਤੀਆ, ਕਿਸਾਨਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ। ਇਸ ਮੌਕੇ ਹਰਦੇਵ ਸਿੰਘ ਵੜੈਚ, ਜਗਤਾਰ ਸਿੰਘ ਮੈਂਬਰ, ਧਰਮਪਾਲ ਬਾਂਸਲ, ਬਸੰਤ ਕੁਮਾਰ, ਪ੍ਰਵੀਨ ਕੁਮਾਰ, ਪ੍ਰੇਮ ਚੰਦ ਸ਼ਰਮਾ ਆਦਿ ਹਾਜ਼ਰ ਸਨ।

ਵਿਗਿਆਨਕ ਦ੍ਰਿਸ਼ਟੀਕੋਣ ਦਾ ਪ੍ਰਚਾਰ ਕਰਨਾ ਹੀ ਤਰਕਸ਼ੀਲ ਸੁਸਾਇਟੀ ਦਾ ਮੁੱਖ ਉਦੇਸ਼ : ਰੱਲਾ, ਮਹਿਸਪੁਰੀ

ਮੋਗਾ (ਅਮਰਜੀਤ ਬੱਬਰੀ)-ਇਥੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਤਰਕਸ਼ੀਲ ਸੁਸਾਇਟੀ ਭਾਰਤ (ਰਜਿ:) ਦੀ ਜਨਰਲ ਬਾਡੀ ਮੀਟਿੰਗ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਮੇਘ ਰਾਜ ਰੱਲਾ ਤੇ ਸਕੱਤਰ ਗੁਰਨਾਮ ਮਹਿਸਪੁਰੀ ਨੇ ਦੇਸ਼ ਵਿੱਚ ਫੈਲਾਏ ਜਾ ਰਹੇ ਅੰਧਵਿਸ਼ਵਾਸਾਂ ਤੇ ਪਾਖੰਡਵਾਦ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅੰਧਵਿਸ਼ਵਾਸਾਂ, ਅਨਪੜ੍ਹਤਾ ਤੇ ਅਗਿਆਨਤਾ ਕਾਰਨ ਭੋਲੇ ਭਾਲੇ ਲੋਕ ਪਾਖੰਡੀ ਸਾਧਾਂ, ਬਾਬਿਆਂ ਤੇ ਤਾਂਤਰਿਕਾਂ ਤੋਂ ਆਰਥਿਕ ਮਾਨਸਿਕ ਤੇ ਸਰੀਰਕ ਲੁੱਟ ਕਰਵਾ ਰਹੇ ਹਨ। ਅਜਿਹੇ ਲੋਕਾਂ ਨੂੰ ਬਚਾਉਣਾ ਤੇ ਵਿਗਿਆਨਕ ਦ੍ਰਿਸ਼ਟੀਕੋਣ ਦਾ ਪ੍ਰਚਾਰ ਕਰਨਾ ਹੀ ਤਰਕਸ਼ੀਲ ਸੁਸਾਇਟੀ ਦਾ ਮੁੱਖ ਉਦੇਸ਼ ਹੈ। ਇਸ ਦੌਰਾਨ ਜਥੇਬੰਦੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਸਾਰੇ ਮੈਂਬਰਾਂ ਨੂੰ ਸਰਗਰਮ ਹੋਣ ਲਈ ਅਪੀਲ ਕੀਤੀ ਗਈ। ਸਕੂਲਾਂ ਵਿੱਚ ਬੱਚਿਆਂ ਨੂੰ ਤਰਕਸ਼ੀਲ ਸੁਸਾਇਟੀ ਨਾਲ ਜੋੜਨ ਲਈ ਪ੍ਰੋਗਰਾਮ ਕਰਾਉਣ ਤੇ ਸੁਸਾਇਟੀ 'ਚ ਔਰਤਾਂ ਦੀ ਸ਼ਮੂਲੀਅਤ ਵਧਾਏ ਜਾਣ 'ਤੇ ਜ਼ੋਰ ਦਿੱਤਾ ਗਿਆ।

ਮੇਘ ਰਾਜ ਰੱਲਾ ਵੱਲੋਂ ਹੁਸੈਨੀਵਾਲਾ ਵਿਖੇ ਮਿਊਜ਼ੀਅਮ 'ਚ ਰੱਖੇ ਰਿਵਾਲਵਰ ਦੇ ਨਾਲ ਭਗਤ ਸਿੰਘ ਵੱਲੋਂ ਆਖਰੀ ਸਮੇਂ ਪੜ੍ਹੀ ਜਾ ਰਹੀ ਕਿਤਾਬ 'ਲੈਨਿਨ ਦੀਆਂ ਯਾਦਾਂ' ਵੀ ਰੱਖੇ ਜਾਣ ਲਈ ਮਤਾ ਪੇਸ਼ ਕੀਤਾ ਗਿਆ। ਇਸੇ ਤਰ੍ਹਾਂ ਮੇਘ ਰਾਜ ਮਿੱਤਰ ਵੱਲੋਂ ਮਹਾਰਾਸ਼ਟਰ ਦੀ ਤਰ੍ਹਾਂ ਪੰਜਾਬ ਵਿੱਚ ਵੀ ਅੰਧਵਿਸ਼ਵਾਸਾਂ ਵਿਰੋਧੀ ਕਾਨੂੰਨ ਪਾਸ ਕਰਨ ਸਬੰਧੀ ਮਤਾ ਪੇਸ ਕੀਤਾ ਗਿਆ, ਜਿਸ ਵਿੱਚ ਅੰਧਵਿਸ਼ਵਾਸ ਫੈਲਾਉਣ ਤੇ ਚਮਤਕਾਰ ਕਰ ਸਕਣ ਦਾ ਦਾਅਵਾ ਕਰਨ ਵਾਲੇ ਵਿਅਕਤੀ ਨੂੰ ਘੱਟ ਘੱਟ ਦੋ ਸਾਲ ਦੀ ਸਜ਼ਾ ਹੋਵੇ। ਦੋਵੇਂ ਮਤੇ ਸਰਬਸੰਮਤੀ ਨਾਲ ਪਾਸ ਕੀਤੇ ਗਏ। ਇਸ ਮੌਕੇ ਇਕਾਈ ਮਹਿਤਪੁਰ ਵੱਲੋਂ 14 ਅਪ੍ਰੈਲ ਨੂੰ ਕਰਵਾਏ ਜਾ ਰਹੇ ਤਰਕਸ਼ੀਲ ਮੇਲੇ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਸਰਗਰਮੀਆਂ ਤੇਜ਼ ਕਰਨ ਲਈ ਪੂਰੇ ਪੰਜਾਬ ਨੂੰ ਪੰਜ ਜ਼ੋਨਾਂ ਵਿੱਚ ਵੰਡ ਕੇ ਮਾਲਵਾ-1 ਦੇ ਜਗਸੀਰ ਖੋਸਾ, ਸੁਖਚੈਨ ਥਾਂਦੇਵਾਲਾ ਤੇ ਗੁਰਮੀਤ ਸਿੰਘ ਧਾਲੀਵਾਲ ਮਾਲਵਾ-2 ਦੇ ਨਰਿੰਦਰ ਸਿੰਘ ਸੰਗਰੂਰ ਤੇ ਅਮਿਤ ਮਿੱਤਰ ਬਰਨਾਲਾ, ਦੁਆਬਾ ਦੇ ਲਖਬੀਰ ਸਿੰਘ ਨਿੱਝਰ ਤੇ ਪਰਮਜੀਤ ਭੋਡੀਪੁਰਾ, ਮਾਝਾ ਦੇ ਸਤਨਾਮ ਸਿੰਘ ਕਿਰਤੀ ਤੇ ਕਾਮਰੇਡ ਜੋਗਿੰਦਰ ਸਿੰਘ, ਪੁਆਧ ਦੇ ਅਵਤਾਰ ਸਿੰਘ ਮੱਲ੍ਹੀ ਤੇ ਵਰਿੰਦਰ ਸਿੰਘ ਨੱਥੂਵਾਲਾ ਜਦੀਦ ਇੰਚਾਰਜ ਨਿਯੁਕਤ ਕੀਤੇ ਗਏ। ਮੀਟਿੰਗ ਵਿੱਚ ਲਖਵਿੰਦਰ ਸਿੰਘ ਹਾਲੀ ਫਰੀਦਕੋਟ, ਸੁਨੀਤਾ ਸਰਮਾ ਰੱਲਾ, ਸੁਰਿੰਦਰਪਾਲ ਸਿੰਘ ਨਕੋਦਰ, ਸੁਨੀਲ ਕੁਮਾਰ ਨਕੋਦਰ, ਪੋਹਲਾ ਸਿੰਘ ਬਰਾੜ, ਸਤਨਾਮ ਸਿੰਘ ਜਵੰਦਾ, ਜਸਵੀਰ ਸਿੰਘ ਮੰਡੇਰ, ਤਰਸੇਮ ਸਿੰਘ ਜ਼ੀਰਾ, ਗੋਰਾ ਸਿੰਘ ਪਿੱਪਲੀ ਫਰੀਦਕੋਟ, ਰਾਣਾ ਧਰਮਕੋਟ, ਕੁਲਦੀਪ ਸਿੰਘ ਮੱਲ੍ਹੀ ਚੁੱਘਾ ਮੋਗਾ, ਮਦਨ ਲਾਲ ਮੋਗਾ, ਸੁਖਮੰਦਰ ਸਿੰਘ ਤੂਰ, ਗੁਰਜੰਟ ਸਿੰਘ ਮੋਗਾ, ਜਸਵੀਰ ਸਿੰਘ ਸੰਗਰੂਰ, ਭੁਪਿੰਦਰ ਸਿੰਘ ਭਿੰਦਾ ਮੋਗਾ, ਚਮਕੌਰ ਸਿੰਘ ਮੋਗਾ, ਭੁਪਿੰਦਰ ਸਿੰਘ ਦੌਲੇਵਾਲ ਕਲਾਂ, ਲਖਬੀਰ ਸਿੰਘ ਸੰਧੂ, ਹਰਜਿੰਦਰ ਸਿੰਘ ਫਰੀਦਕੋਟ, ਸੁਖਮੰਦਰ ਸਿੰਘ, ਸੁਖਚੈਨ ਸਿੰਘ ਥਾਂਦੇਵਾਲ, ਚਮਕੌਰ ਸਿੰਘ, ਸੁਭਾਸ਼ ਚੰਦਰ ਗਰੋਵਰ, ਬਲਜੀਤ ਸਿੰਘ ਸੰਧੂ ਮੋਗਾ, ਬਾਲ ਕ੍ਰਿਸ਼ਨ ਡਗਰੂ, ਮਹਿੰਦਰਪਾਲ ਸਬਰਵਾਲ, ਡਾਕਟਰ ਹਰਜੀਤ ਸਿੰਘ ਸਿਆਂਵਾਲਾ ਤੇ ਹੋਰ ਮੈਂਬਰ ਹਾਜ਼ਰ ਸਨ।

ਕਾਤਰਾਂ

11ਵੀਂ ਦੇ ਦਾਖਲੇ ਲਈ ਸਕਾਲਰਸ਼ਿਪ ਟੈਸਟ ਤੇ ਸੈਮੀਨਾਰ 7 ਨੂੰ

ਬਾਘਾ ਪੁਰਾਣਾ (ਮਨੀ ਸਿੰਗਲਾ)-ਵਿੱਦਿਆ ਦੇ ਖੇਤਰ ਵਿੱਚ ਮੋਗਾ ਜ਼ਿਲ੍ਹੇ ਦੀ ਮਸ਼ਹੂਰ ਸੰਸਥਾ ਪੰਜਾਬ ਕੋਐਜੂਕੇਸ਼ਨ ਸੀ. ਸੈ. ਸਕੂਲ ਬਾਘਾ ਪੁਰਾਣਾ ਵਿਖੇ 11ਵੀਂ ਜਮਾਤ ਵਿੱਚ ਦਾਖਲਾ ਲੈਣ ਲਈ ਸਕੌਲਰਸ਼ਿਪ ਟੈਸਟ ਤੇ ਗਾਈਡਿੰਗ ਸੈਮੀਨਾਰ 7 ਅਪ੍ਰੈਲ ਨੂੰ ਲਿਆ ਜਾ ਰਿਹਾ ਹੈ। ਇਸ ਟੈਸਟ ਲਈ ਰਜਿਸਟ੍ਰੇਸ਼ਨ ਸ਼ੁਰੂ ਹੈ, ਕੋਈ ਵੀ ਵਿਦਿਆਰਥੀ ਕਿਸੇ ਵੀ ਸਕੂਲ ਦਾ ਇਸ ਟੈਸਟ ਤੇ ਸੈਮੀਨਾਰ ਦਾ ਲਾਭ ਉਠਾ ਸਕਦਾ ਹੈ। ਡਾਇਰੈਕਟਰ ਸੰਦੀਪ ਮਹਿਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਦੱਸਿਆ ਕਿ 10ਵੀਂ ਦੀ ਪੜ੍ਹਾਈ ਤੋਂ ਬਾਅਦ ਜ਼ਿਆਦਾਤਰ ਮਾਪੇ ਆਪਣੇ ਬੱਚੇ ਦੇ ਵਧੀਆ ਭਵਿੱਖ ਲਈ ਚਿੰਤਤ ਹੁੰਦੇ ਹਨ, ਇਸ ਲਈ ਹਰ ਸਾਲ ਸਾਡੇ ਸਕੂਲ ਵਿੱਚ ਅਸੀਂ ਵਿਦਿਆਰਥੀਆਂ ਲਈ ਇਕ ਸਕੌਲਰਸ਼ਿਪ ਟੈਸਟ ਰੱਖਦੇ ਹਾਂ ਤੇ ਉਸ ਦੇ ਨਾਲ ਨਾਲ ਵੱਖ ਵੱਖ ਵਿਸ਼ਿਆਂ ਨੂੰ ਚੁਨਣ ਲਈ ਤੇ 12ਵੀਂ ਤੋਂ ਬਾਅਦ ਵੱਖ ਵੱਖ ਵਿਸ਼ਿਆਂ ਦੀ ਮਹੱਤਤਾ ਬਾਰੇ ਸੈਮੀਨਾਰ ਲਗਾਉਂਦੇ ਹਾਂ। ਪ੍ਰਿੰਸੀਪਲ ਗੁਰਦੇਵ ਸਿੰਘ ਨੇ ਦੱਸਿਆ ਕਿ ਇਹ ਟੈਸਟ ਕਿਸੇ ਵੀ ਬੋਰਡ ਦਾ ਵਿਦਿਆਰਥੀ ਦੇ ਸਕਦਾ ਹੈ। ਕੋਆਰਡੀਨੇਟਰ ਮੁਕੇਸ਼ ਅਰੋੜਾ ਨੇ ਜਾਣਕਾਰੀ ਦਿੱਤੀ ਕਿ 2022 ਦੇ ਰਿਜ਼ਲਟ ਵਿੱਚ ਮੋਗਾ ਜ਼ਿਲ੍ਹੇ ਦੇ ਪਹਿਲੇ 10 ਵਿਦਿਆਰਥੀਆਂ 'ਚ 8 ਵਿਦਿਆਰਥੀ ਪੰਜਾਬ ਕੋ-ਐਜੂਕੇਸ਼ਨ ਸੀ. ਸੈ. ਸਕੂਲ ਦੇ ਸਨ। ਕੋਆਰਡੀਨੇਟਰ ਦੀਪਿਕਾ ਮਨਚੰਦਾ ਨੇ ਵਿਦਿਆਰਥੀਆਂ ਨੂੰ ਜਲਦ ਤੋਂ ਜਲਦ ਰਜਿਸਟ੍ਰੇਸ਼ਨ ਕਰਵਾ ਕੇ 7 ਅਪ੍ਰੈਲ ਨੂੰ ਹੋਣ ਵਾਲੇ ਟੈਸਟ ਤੇ ਸੈਮੀਨਾਰ ਦਾ ਲਾਭ ਉਠਾਣ ਲਈ ਕਿਹਾ। ਡਾਇਰੈਕਟਰ ਸੰਦੀਪ ਮਹਿਤਾ ਨੇ ਦੱਸਿਆ ਕੇ ਸਕੌਲਰਸ਼ਿਪ ਦਾ ਪਹਿਲਾ ਇਨਾਮ 20 ਹਜ਼ਾਰ, ਦੂਜਾ 15 ਹਜ਼ਾਰ ਤੇ ਤੀਜਾ 10 ਹਜ਼ਾਰ ਹੈ। ਇਸ ਤੋਂ ਬਿਨਾਂ ਹੋਰ ਵੀ ਇਨਾਮ ਦਿੱਤੇ ਜਾਣਗੇ।

ਪਤੀ ਦੀ ਮੌਤ ਦੇ ਕੁਝ ਘੰਟੇ ਬਾਅਦ ਪਤਨੀ ਨੇ ਵੀ ਤਿਆਗੇ ਪ੍ਰਾਣ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਨੇੜਲੇ ਪਿੰਡ ਭੱਟਮਾਜਰਾ ਵਿਖੇ ਕੁਝ ਕੁ ਘੰਟਿਆਂ ਦੇ ਫਾਸਲੇ ਦਰਮਿਆਨ ਪਤੀ-ਪਤਨੀ ਦੀ ਮੌਤ ਹੋ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪਿੰਡ ਭੱਟਮਾਜਰਾ ਦੇ ਵਸਨੀਕ ਉੱਘੇ ਸਮਾਜ ਸੇਵੀ ਤੇ ਆੜ੍ਹਤੀਆਂ ਦੇ ਆਗੂ ਸਾਧੂ ਰਾਮ ਭੱਟਮਾਜਰਾ ਨੇ ਦੱਸਿਆ ਕਿ ਉਨ੍ਹਾਂ ਦੇ ਪਿੰਡ ਭੱਟਮਾਜਰਾ ਦੇ ਵਸਨੀਕ ਪੂਰਨਾ ਨੰਦ (86) ਦੀ ਬੀਤੇ ਦਿਨ ਅਚਾਨਕ ਤਬੀਅਤ ਵਿਗੜੀ ਤੇ ਉਨ੍ਹਾਂ ਦੀ ਮੌਤ ਹੋ ਗਈ, ਜਿਨ੍ਹਾਂ ਦਾ ਸਸਕਾਰ ਉਨਾਂ ਦੇ ਪੁੱਤਰਾਂ ਦਵਿੰਦਰ ਕੁਮਾਰ ਤੇ ਸ਼ਿਵ ਕੁਮਾਰ ਸ਼ੰਭੂ ਵੱਲੋਂ ਬੀਤੇ ਕੱਲ੍ਹ ਦੁਪਹਿਰ 12 ਕੁ ਵਜੇ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਪੂਰਨਾ ਨੰਦ ਦੀ 78 ਸਾਲਾ ਪਤਨੀ ਰਮਾ ਦੇਵੀ ਆਪਣੇ ਲੜਕੇ ਦਵਿੰਦਰ ਕੁਮਾਰ ਨੂੰ ਕਹਿਣ ਲੱਗੀ ਕਿ ਮੈਨੂੰ ਤੇਰੇ ਪਿਤਾ ਜੀ ਬੁਲਾ ਰਹੇ ਹਨ ਤੇ ਮੈਂ ਉਨ੍ਹਾਂ ਕੋਲ ਜਾਣਾ ਹੈ ਤੇ ਇਸ ਦੌਰਾਨ ਰਮਾ ਦੇਵੀ ਦੀ ਤਬੀਅਤ ਵੀ ਵਿਗੜ ਗਈ ਤਾਂ ਉਨ੍ਹਾਂ ਨੂੰ ਸਰਹਿੰਦ ਦੇ ਇੱਕ ਨਿੱਜੀ ਹਸਪਤਾਲ 'ਚ ਲਿਜਾਇਆ ਗਿਆ, ਜਿੱਥੇ ਡਾਕਟਰ ਨੇ ਉਨ੍ਹਾਂ ਨੂੰ ਚੰਡੀਗੜ੍ਹ ਦੇ ਸੈਕਟਰ 32 ਹਸਪਤਾਲ 'ਚ ਦਾਖਲ ਕਰਵਾਉਣ ਦੀ ਸਲਾਹ ਦਿੱਤੀ, ਪਰ ਰਮਾ ਦੇਵੀ ਨੇ ਦਵਾਈ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਸ ਨੂੰ ਵਾਪਸ ਘਰ ਲੈ ਕੇ ਚੱਲੋ ਤੇ ਜਿਵੇਂ ਹੀ ਉਹ ਰਮਾ ਦੇਵੀ ਨੂੰ ਘਰ ਲੈ ਕੇ ਪਹੁੰਚੇ ਤਾਂ ਉਨ੍ਹਾਂ ਇਹ ਕਹਿ ਕੇ ਪ੍ਰਾਣ ਤਿਆਗ ਦਿੱਤੇ ਕਿ ਮੈਂ ਤਾਂ ਤੁਹਾਡੇ ਪਿਤਾ ਕੋਲ ਚੱਲੀ ਹਾਂ। ਪਿੰਡ ਭੱਟਮਾਜਰਾ ਦਾ ਉਕਤ ਮਾਮਲਾ ਇਲਾਕੇ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਭਾਜਪਾ ਹਮੇਸ਼ਾ ਨਫ਼ਰਤ ਦੀ ਗੱਲ ਕਰਦੀ ਹੈ : ਵਿਕਾਸ ਜੈਨ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਵਪਾਰ ਮੰਡਲ ਪੰਜਾਬ ਦੇ ਸੂਬਾ ਐਕਟਿੰਗ ਪ੍ਰਧਾਨ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਿਕਾਸ ਜੈਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ-ਕਾਂਗਰਸ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਅਸੀਂ ਦੂਜੀਆਂ ਪਾਰਟੀਆਂ ਦੇ ਨੇਤਾਵਾਂ ਵਾਂਗ ਸੱਤਾ 'ਚ ਆਉਣ ਤੋਂ ਬਾਅਦ ਵਪਾਰ ਨਹੀਂ ਕਰਦੇ, ਅਸੀਂ ਲੋਕ ਭਲਾਈ ਤੇ ਵਿਕਾਸ ਦੇ ਕੰਮ ਕਰਦੇ ਹਾਂ। ਉਨ

5-April-PAGE- 8.qxd 4/4/2023 10:51 PM Page 1

ਪੰਜਾਬ ਸਰਕਾਰ ਇਸ ਸੰਕਟ ਦੀ ਘੜੀ 'ਚ ਪੂਰੀ ਤਰ੍ਹਾਂ ਕਿਸਾਨਾਂ ਨਾਲ : ਬ੍ਰਹਮ ਸ਼ੰਕਰ ਜਿੰਪਾ

ਤੰਗੋਰੀ (ਐਸ ਏ ਐਸ ਨਗਰ), (ਗੁਰਜੀਤ ਬਿੱਲਾ)-ਕਣਕ ਦੀ ਫਸਲ ਨੂੰ ਮੀਂਹ ਕਾਰਨ ਹੋਏ ਭਾਰੀ ਨੁਕਸਾਨ ਦੇ ਸਬੰਧ ਵਿੱਚ ਕਿਸਾਨਾਂ ਨੂੰ ਹਰ ਮਦਦ ਦੇਣ ਦਾ ਐਲਾਨ ਕਰਦੇ ਹੋਏ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਸੰਕਟ ਦੀ ਇਸ ਘੜੀ 'ਚ ਪੰਜਾਬ ਸਰਕਾਰ ਪੂਰੀ ਤਰ੍ਹਾਂ ਪ੍ਰਭਾਵਿਤ ਕਿਸਾਨਾਂ ਦੇ ਨਾਲ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਹਿਲਾਂ ਹੀ ਇਸ ਮੁਸ਼ਕਲ ਸਮੇਂ ਕਿਸਾਨਾਂ ਦਾ ਸਾਥ ਦੇਣ ਲਈ ਪ੍ਰਤੀ ਏਕੜ ਮੁਆਵਜ਼ੇ ਵਿੱਚ 25 ਫੀਸਦੀ ਵਾਧਾ ਕਰ ਦਿੱਤਾ ਹੈ ਜੋ ਪੰਜਾਬ ਸਰਕਾਰ ਦੀ ਕਿਸਾਨਾਂ ਦੇ ਹਿੱਤਾਂ ਦੀ ਪੂਰੀ ਤਰ੍ਹਾਂ ਰਾਖੀ ਕਰਨ ਦੀ ਵਚਨਬੱਧਤਾ ਦਾ ਪ੍ਰਗਟਾਵਾ ਹੈ। ਅੱਜ ਐਸ.ਏ.ਐਸ.ਨਗਰ ਦੇ ਤੰਗੋਰੀ ਪਿੰਡ 'ਚ ਮੀਂਹ ਕਾਰਨ ਫਸਲ ਦੇ ਨੁਕਸਾਨ ਦਾ ਜਾਇਜ਼ਾ ਲੈਣ ਪਹੁੰਚੇ ਮਾਲ ਮੰਤਰੀ ਨੇ ਕਿਸਾਨਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾ ਕਿਹਾ ਕਿ ਇਸ ਔਖੀ ਘੜੀ 'ਚ ਭਗਵੰਤ ਮਾਨ ਸਰਕਾਰ ਅੰਨਦਾਤਾ ਦੇ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਖਰਾਬ ਮੌਸਮ ਕਾਰਨ ਹੋਏ ਭਾਰੀ ਨੁਕਸਾਨ ਬਾਰੇ ਪੰਜਾਬ ਸਰਕਾਰ ਚੰਗੀ ਤਰ੍ਹਾਂ ਜਾਣੂੰ ਹੈ। ਇਸ ਕਰਕੇ ਹੀ ਉਸ ਨੇ ਗਿਰਦਾਵਰੀ ਤੋਂ ਪਹਿਲਾਂ ਹੀ ਮੁਆਵਜ਼ੇ 'ਚ 25 ਫ਼ੀਸਦੀ ਦਾ ਵਾਧਾ ਕਰਨ ਦਾ ਐਲਾਨ ਕੀਤਾ ਹੈ। ਜਿੰਪਾ ਨੇ ਕਿਹਾ ਫਸਲ ਦੇ ਨੁਕਸਾਨ ਦਾ ਮੁਆਵਜ਼ਾ ਯਕੀਨੀ ਬਣਾਉਣ ਲਈ ਗਿਰਦਾਵਰੀ ਦੀ ਪ੍ਰਕਿਰਿਆ 'ਚ ਤੇਜ਼ੀ ਲਿਆਂਦੀ ਗਈ ਹੈ ਅਤੇ ਮੁੱਖ ਮੰਤਰੀ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਨਿਬੇੜੇ ਲਈ ਫੀਲਡ ਦੇ ਦੌਰੇ ਵਧਾਉਣ ਲਈ ਮੰਤਰੀਆਂ, ਵਿਧਾਇਕਾਂ ਅਤੇ ਅਧਿਕਾਰੀਆਂ ਨੂੰ ਕਿਹਾ ਹੈ। ਸਰਕਾਰ ਵੱਲੋਂ ਗਿਰਦਾਵਰੀਆਂ ਵਗੈਰਾ ਦੀ ਸਾਰੀ ਸਥਿਤੀ 'ਤੇ ਦੀ ਰੋਜ਼ਮਰਾ ਦੇ ਅਧਾਰ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰਭਾਵਿਤ ਕਿਸਾਨਾਂ ਨੂੰ ਪਾਰਦਰਸ਼ੀ ਢੰਗ ਅਤੇ ਤੇਜ਼ੀ ਨਾਲ ਮੁਆਵਜ਼ਾ ਦਿੱਤਾ ਜਾ ਸਕੇ। ਜਿੰਪਾ ਕਿਹਾ ਕਿ ਇੱਕ ਮਾਲ ਮੰਤਰੀ ਦੇ ਤੌਰ 'ਤੇ ਉਹ ਖੁਦ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ। ਉਨ੍ਹਾ ਕਿਹਾ ਕਿ ਗਿਰਦਾਵਰੀ ਦੌਰਾਨ ਸਰਕਾਰੀ ਤੰਤਰ ਦੀ ਕਿਸੇ ਵੀ ਪੱਧਰ 'ਤੇ ਕਿਸੇ ਵੀ ਤਰ੍ਹਾਂ ਦੀ ਢਿੱਲ ਜਾਂ ਕੁਤਾਹੀ ਬਰਦਾਸ਼ਤ ਨਹੀਂ ਕੀਤਾ ਜਾਵੇਗੀ। ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਜ਼ਿਲ੍ਹੇ 'ਚ ਗਿਰਦਾਵਰੀ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਇਸ ਨੂੰ ਨਿਰਧਾਰਤ ਸਮੇਂ 'ਚ ਲਾਜ਼ਮੀ ਤੌਰ 'ਤੇ ਮੁਕੰਮਲ ਕਰ ਲਿਆ ਜਾਵੇਗਾ। ਇਸ ਮੌਕੇ ਏ.ਡੀ.ਸੀ (ਜ) ਅਵਨੀਤ ਕੌਰ ਬਰਾੜ ਐਸ.ਡੀ.ਐਮ. ਮੋਹਾਲੀ, ਸਰਬਜੀਤ ਕੌਰ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੀ ਚੇਅਰਪਰਸਨ ਪ੍ਰਭਜੋਤ ਕੌਰ ਵੀ ਹਾਜ਼ਰ ਸਨ।

ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਬਲਾਕ ਪੱਧਰੀ ਮੀਟਿੰਗ

ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ) ਇੱਥੇ ਕਾਂਗਰਸ ਕਮੇਟੀ ਦੇ ਅਹੁਦੇਦਾਰਾਂ ਦੀ ਬਲਾਕ ਪੱਧਰੀ ਮੀਟਿੰਗ ਹੋਈ। ਜਿਸ ਵਿਚ ਕਾਂਗਰਸ ਪਾਰਟੀ ਦੇ ਬੁਲਾਰੇ ਸੁਖਦੇਵ ਸਿੰਘ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਭਾਰਤ ਜੋੜੋ ਯਾਤਰਾ ਦੌਰਾਨ ਰਾਹੁਲ ਗਾਂਧੀ ਨੂੰ ਮਿਲੀ ਲੋਕਪ੍ਰਿਅਤਾ ਕਾਰਨ ਡਰੀ ਹੋਈ ਹੈ ਇਸੇ ਲਈ ਸਾਜਿਸ਼ ਅਧੀਨ ਉਨ੍ਹਾਂ ਦੀ ਹੀ ਪਾਰਟੀ ਦੇ ਇਕ ਐੱਮ. ਐੱਲ. ਏ ਨੇ ਰਾਹੁਲ ਗਾਂਧੀ ਤੇ ਪਹਿਲਾ ਮਾਨਹਾਨੀ ਦਾ ਕੇਸ ਕੀਤਾ ਫੇਰ ਹਾਈ ਕੋਰਟ ਵਿਚ ਵਾਪਸ ਲਿਆ ਅਤੇ ਫਿਰ ਹੇਠਲੀ ਕੋਰਟ ਵਿਚ ਫੈਸਲਾ ਵੀ ਆ ਗਿਆ ਇੱਥੇ ਹੀ ਬੱਸ ਨਹੀਂ ਕੋਰਟ ਨੇ ਤਾਂ ਰਾਹੁਲ ਗਾਂਧੀ ਨੂੰ ਤੀਹ ਦਿਨਾਂ ਦਾ ਸਮਾਂ ਦਿੱਤਾ ਕਿ ਇਸ ਫੈਸਲੇ ਦੀ ਤੁਸੀ ਅੱਗੇ ਅਪੀਲ ਵੀ ਕਰ ਸਕਦੇ ਹੋ ਪ੍ਰੰਤੂ ਹੰਕਾਰ ਵਿਚ ਚਕਨਾਚੂਰ ਕੇਂਦਰ ਸਰਕਾਰ ਨੇ ਇਨ੍ਹਾਂ ਤੀਹ ਦਿਨਾਂ ਦਾ ਇਤਜਾਰ ਕਰੇ ਬਗੈਰ ਸੰਸਦ ਵਿਚੋਂ ਰਾਹੁਲ ਗਾਂਧੀ ਦੀ ਮੈਂਬਰੀ ਹੀ ਖਾਰਿਜ ਨਹੀਂ ਕੀਤੀ ਸਗੋਂ ਉਨ੍ਹਾ ਨੂੰ ਮਿਲੀ ਕੋਠੀ ਨੂੰ ਖਾਲੀ ਕਰਨ ਦਾ ਵੀ ਫਰਮਾਨ ਜਾਰੀ ਕਰਵਾ ਦਿੱਤਾ। ਜੋ ਕਿ ਸਰਾਸਰ ਧੱਕਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜੈਲਦਾਰ ਸਤਵਿੰਦਰ ਸਿੰਘ ਚੈੜੀਆਂ, ਬਲਾਕ ਪ੍ਰਧਾਨ ਦਵਿੰਦਰ ਸਿੰਘ ਬਰਸਾਲਪੁਰ, ਹਰਦੀਪ ਸਿੰਘ ਫੋਜੀ ਸੈਦਪੁਰ, ਮਲਕੀਤ ਸਿੰਘ ਮੁੰਡੀਆਂ, ਫਤਿਹ ਸਿੰਘ ਸਰਪੰਚ ਫਤਿਹਪੁਰਤਾਰਾ ਚੰਦ ਜੰਡ ਸਾਹਿਬ, ਸੰਮਤੀ ਮੈਂਬਰ ਰੋਹਿਤ ਸੱਭਰਵਾਲ, ਕਾਂਸੀ ਰਾਮ ਸਾਬਕਾ ਆਦਿ ਆਗੂ ਮੌਜੂਦ ਸਨ।

ਜਮਹੂਰੀ ਕਿਸਾਨ ਸਭਾ ਨੇ ਤੁਰੰਤ ਮੁਆਵਜ਼ੇ ਦੀ ਕੀਤੀ ਮੰਗ

ਫਿਲੌਰ (ਨਿਰਮਲ)-ਜਮਹੂਰੀ ਕਿਸਾਨ ਸਭਾ ਤਹਿਸੀਲ ਫਿਲੌਰ ਵੱਲੋਂ ਵੱਖ-ਵੱਖ ਪਿੰਡਾਂ ਦਾ ਦੌਰਾ ਕਰਕੇ ਬੇਮੌਸਮੇ ਮੀਂਹ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਜਮਹੂਰੀ ਕਿਸਾਨ ਸਭਾ ਦੇ ਤਹਿਸੀਲ ਪ੍ਰਧਾਨ ਕੁਲਦੀਪ ਫਿਲੌਰ ਨੇ ਕਿਹਾ ਕਿ ਹਾਲਤ ਬਹੁਤ ਹੀ ਬਦਤਰ ਬਣ ਗਈ ਹੈ ਕਿਉਂਕਿ ਡਿੱਗੀ ਹੋਈ ਕਣਕ ਉਂਗਰਨੀ ਸ਼ੁਰੂ ਹੋ ਗਈ ਹੈ, ਜਿਸ ਨਾਲ ਝਾੜ ਖਤਮ ਹੋ ਗਿਆ ਹੈ ਅਤੇ ਅਜਿਹੀ ਕਣਕ ਦੀ ਤੂੜੀ ਵੀ ਨਹੀਂ ਬਣੇਗੀ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਐਲਾਨੀ ਨਿਗੂਣੀ ਜਿਹੀ ਰਾਸ਼ੀ ਨਾਲ ਕੁਝ ਨਹੀਂ ਬਣੇਗਾ। ਦੂਜੇ ਪਾਸੇ ਲਾਸਟਰ ਲੌਸ ਕਾਰਨ ਵੀ ਕਿਸਾਨਾਂ 'ਤੇ ਕੇਂਦਰ ਸਰਕਾਰ ਦਾ ਫੈਸਲਾ ਬਿਜਲੀ ਵਾਂਗ ਡਿਗ ਸਕਦਾ ਹੈ, ਜਿਸ 'ਚ ਕਿਹਾ ਗਿਆ ਕਿ ਦਸ ਪ੍ਰਤੀਸ਼ਤ ਤੋਂ ਵੱਧ ਲਾਸਟਰ ਲੌਸ ਹੋਣ 'ਤੇ ਖਰੀਦ ਮੁੱਲ ਘਟਾ ਦਿੱਤਾ ਜਾਵੇਗਾ। ਕੁਲਦੀਪ ਫਿਲੌਰ ਨੇ ਕਿਹਾ ਕਿ ਅਜਿਹੇ ਹਾਲਾਤ 'ਚ ਲੋਕਾਂ ਨੂੰ ਖਾਣ ਨੂੰ ਦਾਣੇ ਨਹੀਂ ਲੱਭਣੇ। ਅਜਿਹੀ ਸਥਿਤੀ 'ਚ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਤੁਰੰਤ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ। ਉਨ੍ਹਾ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਸਰਕਾਰ ਨੇ ਢਿੱਲਮੱਠ ਦੀ ਨੀਤੀ ਅਪਣਾਈ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਮੌਕੇ ਸਭਾ ਦੇ ਯੂਨਿਟ ਪ੍ਰਧਾਨ ਪਰਮਿੰਦਰ ਸਿੰਘ ਜੌਹਲ, ਕੁਲਜੀਤ ਸਿੰਘ, ਜਸਬੀਰ ਸਿੰਘ, ਕੁਲਵੰਤ ਸਿੰਘ, ਮਹਿੰਦਰ ਸਿੰਘ, ਤਰਜਿੰਦਰ ਸਿੰਘ ਧਾਲੀਵਾਲ, ਬਲਰਾਜ ਸਿੰਘ, ਬਲਜੀਤ ਸਿੰਘ ਸਮੇਤ ਹੋਰ ਕਈ ਕਿਸਾਨ ਹਾਜ਼ਰ ਸਨ।

ਵਾਟਰ ਸਪਲਾਈ ਦੇ ਫੀਲਡ ਮੁਲਾਜ਼ਮਾਂ ਦੀ ਜ਼ਰੂਰੀ ਸੇਵਾਵਾਂ ਵਿੱਚ ਆਉਣ ਕਾਰਨ ਵੋਟਾਂ ਵਿੱਚ ਡਿਊਟੀ ਨਾ ਲਗਾਈ ਜਾਵੇ-ਸੰਜੀਵ ਕੌਂਡਲ

ਕਾਲਾ ਸੰਘਿਆਂ (ਮਨਜੀਤ ਮਾਨ) ਵਾਟਰ ਸਪਲਾਈ ਸੈਨੀਟੇਸਨ ਮਸਟਰੋਲ ਇੰਪਲਾਈਜ ਯੂਨੀਅਨ ਜਲੰਧਰ ਵਲੋਂ ਅੱਜ ਇਕ ਮੰਗ ਪੱਤਰ ਮਾਨਯੋਗ ਡਿਪਟੀ ਕਮਿਸਨਰ ਜਲੰਧਰ ਨੂੰ ਜਿਲਾ ਪ੍ਰਧਾਨ ਸੰਜੀਵ ਕੌਂਡਲ ਦੀ ਪ੍ਰਧਾਨਗੀ ਹੇਠ ਦਿੱਤਾ ਗਿਆ ਜਾਂ ?ਲ੍ਹਾ ਸੰਜੀਵ ਕੌਂਡਲ ਨੇ ਦੱਸਿਆ ਕਿ ਵਾਟਰ ਸਪਲਾਈ ਸੈਨੀਟੇਸਨ ਵਿਭਾਗ ਦੇ ਫੀਲਡ ਵਰਕਰਾਂ ਦੀ ਡਿਊਟੀ ਜਰੂਰੀ ਸੇਵਾਵਾਂ ਵਿੱਚ ਆਉਣ ਕਾਰਨ ਇਨਾਂ ਫੀਲਡ ਮੁਲਾਜਮਾਂ ਦੀ ਡਿਊਟੀ ਵੋਟਾਂ ਵਿੱਚ ਨਾਂ ਲਗਾਈ ਜਾਵੇ ਕਿਉਂਕਿ ਇਹ ਮੁਲਾਜਮ ਲਗਾਤਾਰ ਡਿਊਟੀ ਦੇ ਕੇ ਬਿਨਾ ਕੋਈ ਰੈਸਟ ਦੇ ਲੋਕਾਂ ਦੇ ਘਰਾਂ ਤੱਕ ਪਾਣੀ ਦੀ ਸਪਲਾਈ ਪਹੁੰਚਾਉਂਦੇ ਹਨ ਇਸ ਲਈ ਅਗਰ ਇਨਾਂ ਦੀ ਡਿਊਟੀ ਵੋਟਾਂ ਵਿੱਚ ਲਗਾਈ ਜਾਂਦੀ ਹੈ ਤਾਂ ਪਾਣੀ ਦੀ ਸਪਲਾਈ ਬੰਦ ਹੋ ਜਾਵੇਗੀ ਕਿਉਂਕਿ ਜਿਆਦਾਤਰ ਮੁਲਾਜਮ ਇਕ ਇਕ ਵਾਟਰ ਵਰਕਸ ਤੇ ਇਕੱਲਾ ਇਕੱਲਾ ਮੁਲਾਜਮ ਹੀ ਡਿਊਟੀ ਦੇਂਦਾ ਹੈ ਇਸ ਲਈ ਅਸੀਂ ਬੇਨਤੀ ਕਰਦੇ ਹਾਂ ਕਿ ਇਨਾਂ ਫੀਲਡ ਮੁਲਾਜਮਾਂ ਦੀ ਡਿਊਟੀ ਵੋਟਾਂ ਵਿੱਚ ਨਾਂ ਲਗਾਈ ਜਾਵੇ ਇਸ ਸਬੰਧੀ ਯੂਨੀਅਨ ਵਲੋਂ ਮੰਗ ਪੱਤਰ ਮਹਿਕਮੇ ਦੇ ਕਾਰਜਕਾਰੀ ਇੰਜੀਨੀਅਰ ਨੂੰ ਵੀ ਦਿੱਤਾ ਗਿਆ ਇਸ ਮੌਕੇ ਨਰਿੰਦਰ ਸਿੰਘ ,ਰਾਮ ਲਾਲ,ਰਾਜਨ ਕੁਮਾਰ,ਰਵੀ ਕੁਮਾਰ,ਰੌਸਨ ਲਾਲ ,ਭੁਪਾਲ ਸਿੰਘ ਅਸਵਨੀ ਕੁਮਾਰ ਆਦਿ ਮੈਂਬਰ ਸਾਮਿਲ ਹੋਏ।

ਸਾਬਕਾ ਮੰਤਰੀ ਚੌਧਰੀ ਸਵਰਨਾ ਰਾਮ ਦਾ ਸਰਕਾਰੀ ਸਨਮਾਨਾਂ ਨਾਲ ਸਸਕਾਰ

ਫਗਵਾੜਾ, (ਇੰਦਰਜੀਤ ਦਿੰਘ ਮਠਾੜੂ, ਰਘਵੀਰ ਸਿੰਘ)-ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਚੌਧਰੀ ਸਵਰਨਾ ਰਾਮ ਦਾ ਅੱਜ ਫਗਵਾੜਾ ਵਿਖੇ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਹੋਇਆ। ਪੰਜਾਬ ਸਰਕਾਰ 'ਚ ਸਮੇਂ-ਸਮੇਂ ਵੱਖ-ਵੱਖ ਵਿਭਾਗਾਂ ਦੇ ਮੰਤਰੀ ਰਹੇ ਚੌਧਰੀ ਸਵਰਨਾ ਰਾਮ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ। ਅੱਜ ਫਗਵਾੜਾ ਵਿਖੇ ਉਨ੍ਹਾ ਦੇ ਅੰਤਿਮ ਸੰਸਕਾਰ ਮੌਕੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਤਰਫੋਂ ਮ੍ਰਿਤਕ ਦੇਹ 'ਤੇ ਰੀਥ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ ਤੇ ਉਨ੍ਹਾ ਦੇ ਪਰਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ। ਐਸ ਐਸ ਪੀ ਕਪੂਰਥਲਾ ਰਾਜਪਾਲ ਸਿੰਘ ਵੱਲੋਂ ਵੀ ਸਵਰਗੀ ਚੌਧਰੀ ਸਵਰਨਾ ਰਾਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਤੇ ਪੰਜਾਬ ਪੁਲਸ ਦੀ ਟੁਕੜੀ ਵੱਲੋਂ ਸੋਗ ਸਲਾਮੀ ਦਿੱਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਫਗਵਾੜਾ ਡਾ. ਨਯਨ ਜੱਸਲ, ਐਸ ਡੀ ਐਮ ਫਗਵਾੜਾ ਡਾ. ਜੈ ਇੰਦਰ ਸਿੰਘ ਤੇ ਹੋਰ ਹਾਜ਼ਰ ਸਨ।

ਡਾਕਟਰ ਬੀ ਆਰ ਅੰਬੇਡਕਰ ਦਾ ਜਨਮ ਦਿਨ 16 ਅਪ੍ਰੈਲ ਨੂੰ ਮਨਾਇਆ ਜਾਵੇਗਾ : ਪ੍ਰਧਾਨ ਸਿੱਧੂ

ਕਾਲਾ ਸੰਘਿਆਂ (ਮਨਜੀਤ ਮਾਨ)-ਭਗਵਾਨ ਵਾਲਮੀਕਿ ਮੰਦਰ ਪਿੰਡ ਕੁਲਾਰ ਵਿਖੇ ਵਾਲਮੀਕਿ ਨੌਜਵਾਨ ਸਭਾ ਦੇ ਅਹੁਦੇਦਾਰਾਂ ਦੀ ਇੱਕ ਅਹਿਮ ਮੀਟਿੰਗ ਸਭਾ ਦੇ ਪ੍ਰਧਾਨ ਸਤਵਿੰਦਰ ਸਿੰਘ ਸਿੱਧੂ , ਪ੍ਰਧਾਨ ਲਖਵੀਰ ਸਿੰਘ ਸਿੱਧੂ ਤੇ ਸ਼੍ਰੋਮਣੀ ਪੰਥਕ ਕੀਰਤਨੀਏ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਵਾਲਮੀਕਿ ਸਮਾਜ ਦੇ ਆਗੂਆਂ ਤੇ ਬੁੱਧੀਜੀਵੀ ਵਿਅਕਤੀਆਂ ਨੇ ਹਿੱਸਾ ਲਿਆ ਤੇ ਸੰਵਿਧਾਨ ਦੇ ਰਚੇਤਾ ਡਾਕਟਰ ਬੀ ਆਰ ਅੰਬੇਡਕਰ ਦਾ ਦਾ ਜਨਮ ਦਿਨ 16 ਅਪ੍ਰੈਲ ਨੂੰ ਭਗਵਾਨ ਵਾਲਮੀਕਿ ਮੰਦਰ ਵਿਖੇ ਮਨਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਇਸ ਮੌਕੇ ਕੈਸ਼ੀਅਰ ਵਿਕਰਮ ਸਿੰਘ , ਕੁਲਦੀਪ ਸਿੰਘ , ਸੰਦੀਪ ਸਿੰਘ ਤੇ ਤੀਰਥ ਸਿੰਘ ਤੋਂ ਇਲਾਵਾ ਹੋਰ ਆਗੂ ਵੀ ਹਾਜ਼ਰ ਸਨ ।

ਸਬ ਇੰਸਪੈਕਟਰ ਵਰਿੰਦਰ ਸਿੰਘ ਨੇ ਸੰਭਾਲਿਆ ਥਾਣਾ ਮਹਿਤਪੁਰ ਦਾ ਚਾਰਜ

ਮਹਿਤਪੁਰ (ਰਾਜਾ) ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਡੀ.ਸੀ. ਜਸਪ੍ਰੀਤ ਸਿੰਘ ਤੇ ਐਸ. ਐਸ. ਪੀ ਮੁਖਵਿੰਦਰ ਸਿੰਘ ਭੁੱਲਰ ਦੇ ਹੁਕਮਾਂ ਅਨੁਸਾਰ ਮਹਿਤਪੁਰ ਥਾਣੇ ਦਾ ਚਾਰਜ ਸਾਂਭਦਿਆਂ ਐਸ ਐਚ ਓ ਵਰਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਸੁਭਾਨਪੁਰ ਜ਼ਿਲ੍ਹਾ ਕਪੂਰਥਲਾ ਤੋਂ ਬਦਲ ਕੇ ਇਥੇ ਆਏ ਹਨ। ਜਲੰਧਰ ਜਿਮਨੀ ਚੋਣ ਦੇ ਮੱਦੇਨਜ਼ਰ ਅਸਲਾ ਲਾਇਸੈਂਸ ਧਾਰਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਮਹਿਤਪੁਰ ਇਲਾਕੇ ਦੇ ਲੋਕ ਆਪਣਾ ਅਸਲਾ ਜਲਦੀ ਤੋਂ ਜਲਦੀ ਮਹਿਤਪੁਰ ਥਾਣੇ ਜਾਂ ਮਨਜੂਰਸ਼ੁਦਾ ਡੀਲਰਾਂ ਪਾਸ ਜਮ੍ਹਾਂ ਕਰਵਾ ਕੇ ਥਾਣੇ ਨੂੰ ਸੂਚਿਤ ਕਰਨ ।

ਸਰਕਾਰੀ ਹੁਕਮਾਂ ਦੀ ਪਾਲਣਾ ਨਾ ਕਰਨ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਥਾਣਾ ਮਹਿਤਪੁਰ ਦੀ ਹਦੂਦ ਦੇ ਬੁੱਧੀਜੀਵੀ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ਿਮਣੀ ਚੋਣ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਆਪਸੀ ਭਾਈਚਾਰਕ ਸਾਂਝ ਨੂੰ ਹਰ ਹੀਲੇ ਬਰਕਰਾਰ ਰੱਖਿਆ ਜਾਵੇ, ਸੋਸ਼ਲ ਮੀਡੀਆ 'ਤੇ ਕਿਸੇ ਵੀ ਤਰ੍ਹਾਂ ਦੀ ਗਲਤ ਪੋਸਟ ਪਾਉਣ ਤੋਂ ਗੁਰੇਜ਼ ਕੀਤਾ ਜਾਵੇ, ਕਿਸੇ ਵੀ ਵਿਅਕਤੀ ਨੂੰ ਕੋਈ ਪਰੇਸ਼ਾਨੀ ਆਉਂਦੀ ਹੈ ਤਾਂ ਬੇਜਿਝਕ ਮੇਰੇ ਨਾਲ ਸੰਪਰਕ ਕਰਨ।

ਦਲਿਤਾਂ ਦੀ ਹੂਕ ਨੂੰ ਸਮਰਪਤ ਹੋਏਗੀ ਲੁਧਿਆਣਾ 'ਚ ਇੱਕ ਮਈ ਨੂੰ ਨਾਟਕਾਂ ਅਤੇ ਗੀਤਾਂ ਭਰੀ ਰਾਤ

ਜਲੰਧਰ (ਨ ਜ਼ ਸ)- ਕੌਮਾਂਤਰੀ ਮਜ਼ਦੂਰ ਦਿਹਾੜੇ ਮੌਕੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਪਹਿਲੀ ਮਈ ਨੂੰ ਹੋਣ ਵਾਲਾ ਸਾਲਾਨਾ ਸੂਬਾਈ ਨਾਟਕ ਅਤੇ ਗੀਤ ਸੰਗੀਤ ਮੇਲਾ ਇਸ ਵਾਰ ਸਦੀਆਂ ਤੋਂ ਦੱਬੇ ਕੁਚਲੇ 'ਦਲਿਤਾਂ ਦੀ ਹੂਕ' ਨੂੰ ਸਮਰਪਤ ਹੋਏਗਾ। ਪੰਜਾਬੀ ਭਵਨ ਲੁਧਿਆਣਾ ਵਿਖੇ ਹੋਣ ਵਾਲੇ ਇਸ ਮੇਲੇ 'ਚ ਹਰਕੇਸ਼ ਚੌਧਰੀ, ਕੇਵਲ ਧਾਲੀਵਾਲ, ਏਕੱਤਰ, ਡਾ. ਸਾਹਿਬ ਸਿੰਘ ਅਤੇ ਜਸਵਿੰਦਰ ਪੱਪੀ ਦੀ ਨਿਰਦੇਸ਼ਨਾ 'ਚ ਕੰਮ ਕਰਦੀਆਂ ਨਾਟਕ ਮੰਡਲੀਆਂ ਨਾਟਕ ਪੇਸ਼ ਕਰਨਗੀਆਂ। ਸੁਮਨ ਲਤਾ ਅਤੇ ਨਿਸ਼ਾ ਵੱਲੋਂ ਕੋਰੀਓਗਰਾਫੀ ਪੇਸ਼ ਕੀਤੀ ਜਾਏਗੀ। ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਇਸ ਮੌਕੇ ਸਮੂਹ ਮਿਹਨਤਕਸ਼ ਲੋਕਾਂ ਨੂੰ ਪਲਸ ਮੰਚ ਦਾ ਕਲਮ, ਕਲਾ ਅਤੇ ਸੰਗਰਾਮ ਦੀ ਜੋਟੀ ਸੰਬੰਧੀ ਸੁਨੇਹਾ ਦੇਣਗੇ। ਇਸ ਮੇਲੇ ਮੌਕੇ ਮਾਸਟਰ ਰਾਮ ਕੁਮਾਰ, ਜਗਸੀਰ ਜੀਦਾ, ਇਨਕਲਾਬੀ ਕਵੀਸ਼ਰੀ

5-April-PAGE- 9.qxd 4/4/2023 10:50 PM Page 1

ਵਾਧੂ ਫ਼ੀਸਾਂ ਤੇ ਫ਼ੰਡ ਵਸੂਲਣ ਸੰਬੰਧੀ 1600 ਤੋਂ ਵੱਧ ਸ਼ਿਕਾਇਤਾਂ ਪ੍ਰਾਪਤ : ਬੈਂਸ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਰਾਜ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਰਾਜ ਦੇ ਨਿੱਜੀ ਸਕੂਲਾਂ ਵੱਲੋਂ ਕਿਤਾਬ ਅਤੇ ਫੰਡਾਂ ਦੇ ਨਾਂਅ 'ਤੇ ਕੀਤੀ ਜਾ ਰਹੀ ਲੁੱਟ ਦੀਆਂ ਸ਼ਿਕਾਇਤਾਂ ਦਰਜ ਕਰਵਾਉਣ ਲਈ ਜਾਰੀ ਈਮੇਲ ਐਡਰੈਸ 'ਤੇ ਵੱਡੀ ਗਿਣਤੀ 'ਚ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਿੱਖਿਆ ਮੰਤਰੀ ਨੇ ਦੱਸਿਆ ਕਿ ਬੀਤੇ 24 ਘੰਟਿਆਂ ਦੌਰਾਨ ਈਮੇਲ 'ਤੇ 1600 ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਜਿਨ੍ਹਾਂ ਨੂੰ ਜ਼ਿਲ੍ਹਾਵਾਰ ਗਠਿਤ ਸਿੱਖਿਆ ਮੰਤਰੀ ਟਾਸਕ ਫੋਰਸ ਨੂੰ ਜਾਂਚ ਲਈ ਭੇਜ ਦਿੱਤਾ ਗਿਆ ਹੈ। ਟਾਸਕ ਫੋਰਸ ਸਕੂਲਾਂ ਦਾ ਦੌਰਾ ਕਰਕੇ ਤੱਥਾਂ ਦੀ ਜਾਂਚ ਕਰੇਗੀ ਅਤੇ ਰਿਪੋਰਟ ਰੈਗੂਲੇਟਰੀ ਅਥਾਰਟੀ ਨੂੰ ਪੇਸ਼ ਕਰੇਗੀ। ਸਿੱਖਿਆ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੂਬੇ 'ਚ ਸਿੱਖਿਆ ਦੇ ਨਾਂਅ 'ਤੇ ਲੁੱਟ ਨਹੀਂ ਕਰਨ ਦਿੱਤੀ ਜਾਵੇਗੀ। ਉਨ੍ਹਾ ਦੱਸਿਆ ਕਿ ਸੂਬੇ ਦੇ 30 ਨਿੱਜੀ ਸਕੂਲਾਂ ਨੂੰ ਸਰਕਾਰੀ ਹਦਾਇਤਾਂ ਦੀ ਪਾਲਣਾ ਨਾ ਕਰਨ 'ਤੇ ਨੋਟਿਸ ਜਾਰੀ ਕੀਤੇ ਗਏ ਹਨ। ਇਨਾਂ ਸਕੂਲਾਂ ਵੱਲੋਂ 'ਦੀ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਬਿੱਲ 2016 ਅਤੇ 2019' ਦੀ ਉਲੰਘਣਾ ਕੀਤੀ ਗਈ ਹੈ। ਇਨਾਂ ਸਕੂਲਾਂ ਨੂੰ 7 ਦਿਨਾਂ 'ਚ ਜੁਆਬ ਦੇਣ ਲਈ ਕਿਹਾ ਗਿਆ ਹੈ। ਬੈਂਸ ਨੇ ਦੱਸਿਆ ਕਿ ਜਿਨ੍ਹਾਂ ਸਕੂਲਾਂ ਨੂੰ ਅੱਜ ਨੋਟਿਸ ਜਾਰੀ ਕੀਤੇ ਗਏ ਹਨ ਉਨ੍ਹਾਂ 'ਚ ਅੰਮ੍ਰਿਤਸਰ ਜ਼ਿਲ੍ਹੇ ਦਾ ਰਾਮ ਆਸ਼ਰਮ ਸਕੂਲ, ਅੰਮ੍ਰਿਤਸਰ, ਬਠਿੰਡਾ ਜ਼ਿਲ੍ਹੇ ਦਾ ਗੁਰੂਕੁਲ ਪਬਲਿਕ ਸਕੂਲ, ਈਸਟਵੁੱਡ ਇੰਟਰਨੈਸ਼ਨਲ ਸਕੂਲ ਡੂਮਵਾਲੀ, ਫਤਹਿਗੜ੍ਹ ਸਾਹਿਬ ਜ਼ਿਲ੍ਹੇ ਦਾ ਪਾਇਨ ਗਰੋਵ ਪਬਲਿਕ ਸਕੂਲ ਬਸੀ ਪਠਾਣਾ, ਫਾਜ਼ਿਲਕਾ ਜ਼ਿਲ੍ਹੇ ਦੇ ਪਿਨਾਕਾ ਸੀਨੀਅਰ ਸੈਕੰਡਰੀ ਸਕੂਲ, ਫਾਜ਼ਿਲਕਾ, ਸੇਂਟ ਕਬੀਰ ਗੁਰੂਕੁਲ ਸੀਨੀਅਰ ਸੈਕੰਡਰੀ ਸਕੂਲ, ਅਜ਼ੀਪਸ਼ਨ ਕਾਨਵੈਂਟ ਸਕੂਲ, ਅਬੋਹਰ, ਅਸਪਾਇਰ ਇੰਟਰਨੈਸ਼ਨ ਸਕੂਲ, ਗੋਬਿੰਦਗੜ੍ਹ ਫਾਜ਼ਿਲਕਾ, ਐਲ ਆਰ ਐਸ ਡੀ ਏ ਵੀ ਸੀਨੀਅਰ ਸੈਕੰਡਰੀ ਮਾਡਲ ਸਕੂਲ, ਅਬੋਹਰ। ਇਸੇ ਤਰ੍ਹਾਂ ਗੁਰਦਾਸਪੁਰ ਜ਼ਿਲ੍ਹੇ ਦੇ ਗੈਲੈਕਸੀ ਸਟਾਰ ਪਬਲਿਕ ਸਕੂਲ, ਹੁਸ਼ਿਆਰਪੁਰ ਜ਼ਿਲ੍ਹੇ ਦੇ ਜਵਾਹਰ ਨਵੋਦਿਆ ਵਿਦਿਆਲਾ, ਫਲਾਹੀ, ਲੁਧਿਆਣਾ ਜ਼ਿਲ੍ਹੇ ਦੇ ਸੇਕਰਡ ਹਾਰਟ ਪਬਲਿਕ ਸਕੂਲ, ਉਟਾਲਾਂ, ਸਪਰਿੰਗ ਡੇਲ ਸੀਨੀਅਰ ਸੈਕੰਡਰੀ ਸਕੂਲ, ਖੰਨਾ ਖੁਰਦ, ਲੁਧਿਆਣਾ, ਰਾਮ ਲਾਲ ਬਾਸਿਨ ਪਬਲਿਕ ਸਕੂਲ, ਸਕੂਲ, ਮਾਨਸਾ 'ਚ ਸ੍ਰੀ ਗੁਰੂ ਨਾਨਕ ਦੇਵ ਅਕੈਡਮੀ ਝੁਨੀਰ , ਜਿੰਦਲ ਇੰਟਰਨੈਸ਼ਨਲ ਸਕੂਲ, ਰਾਮਪੁਰ ਮੰਡੇਰ, ਇੰਗਲਿਸ਼ ਗਰਾਮਰ ਸਕੂਲ, ਬਾੜੇ, ਐਨ ਆਰ ਐਮ ਹੋਲੀ ਹਾਰਟ ਕਾਨਵੈਂਟ ਸਕੂਲ ਬੁਢਲਾਡਾ, ਐਨ ਆਰ ਐਮ ਹੋਲੀ ਹਾਰਟ ਕਾਨਵੈਂਟ ਸਕੂਲ ਬੋਹਾ, ਬੀ ਐਚ ਐਸ ਸੀਨੀਅਰ ਸੈਕੰਡਰੀ ਸਕੂਲ ਬਰਨਾਲਾ, ਜ਼ਿਲ੍ਹਾ ਮਾਨਸਾ, ਮਦਰਜ਼ ਡਰੀਮ ਪਬਲਿਕ ਸਕੂਲ , ਬੁਢਲਾਡਾ, ਸੰਗਰੂਰ ਜ਼ਿਲ੍ਹੇ 'ਚ ਆਸਰਾ ਇੰਟਰਨੈਸ਼ਨਲ ਸਕੂਲ, ਸੰਤ ਬਾਬਾ ਰਣਜੀਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ , ਧੂਰੀ, ਸੰਸਕਾਰ ਵੈਲੀ ਸਮਾਰਟ ਸਕੂਲ, ਭਵਾਨੀਗੜ੍ਹ, ਬ੍ਰਿਟਿਸ਼ ਕਾਨਵੈਂਟ ਸਕੂਲ , ਸੁਨਾਮ ਅਤੇ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਕੋਨੀਜ਼ ਵਰਲਡ ਸਕੂਲ ਘਟੌਰ ਤੇ ਰਾਇਤ ਬਾਹਰਾ ਇੰਟਰਨੈਸ਼ਨ ਸਕੂਲ, ਸਹੌੜਾ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਗਲਤ ਵਾਰਡਬੰਦੀ ਦੇ ਨਤੀਜੇ ਭੁਗਤ ਰਹੇ ਹਨ ਸ਼ਹਿਰ ਨਿਵਾਸੀ

ਖਰੜ (ਹਰਨਾਮ ਸਿੰਘ ਡੱਲਾ)-ਸ਼ਹਿਰ ਦੇ ਲੋਕਾਂ ਨੂੰ ਕੌਲੋਨਾਈਜਰਾਂ ਦੀਆਂ ਵਸਾਈਆਂ ਵੱਡੀਆਂ ਕਲੋਨੀਆਂ ਨੇ ਘੇਰਿਆ ਹੋਇਆ ਹੈ। ਹੁਣ ਪਿੰਡ ਵੀ ਨਗਰ ਕੌਂਸਲ ਖਰੜ ਵਿੱਚ ਸ਼ਾਮਲ ਕਰ ਲਏ ਗਏ ਹਨ। ਇਸ ਸ਼ਹਿਰ ਦੀ ਆਬਾਦੀ ਅੱਜ ਤੋਂ ਦੋ ਦਹਾਕੇ ਪਹਿਲਾਂ ਹਜਾਰਾਂ ਵਿੱਚ ਸੀ ਜੋ ਕਿ ਅੱਜ ਵਧ ਕੇ ਲੱਖਾਂ ਦੀ ਗਿਣਤੀ ਤੱਕ ਪਹੁੰਚ ਗਈ ਹੈ। ਅਫਸਰਸ਼ਾਹੀ ਅਤੇ ਕੌਲੋਨਾਈਜਰਾਂ ਦੇ ਰਹਿਮ ਉੱਤੇ ਵਸ ਰਹੇ ਸ਼ਹਿਰ ਦੇ ਲੋਕ ਢੇਰ ਸਾਰੀਆਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਖਰੜ ਦੇ ਉੱਤਰੀ ਖੇਤਰ ਦੀਆਂ ਕਲੋਨੀਆਂ ਦਸਮੇਸ਼ ਨਗਰ,ਅਮਨ ਸਿਟੀ, ਮੰਡੇਰ ਨਗਰ,ਈਕੋ ਸਿਟੀ ਵਗੈਰਾ ਦੇ ਲੋਕ ਗਲਤ ਵਾਰਡਬੰਦੀ ਕਰਕੇ ਵਿਕਾਸ ਕਾਰਜਾਂ ਅਤੇ ਮੁੱਢਲੀਆਂ ਸਹੂਲਤਾਂ ਲੈਣ ਲਈ ਇੱਕ ਪਿੰਡ ਦੇ ਕੌਂਸਲਰ ਪਾਸ ਜਾ ਕੇ ਆਪਣੀਆਂ ਸਮੱਸਿਆਵਾਂ ਰੱਖਦੇ ਹਨ। ਕਿਉਂਕਿ ਇਹਨਾਂ ਕਲੋਨੀਆਂ ਦਾ ਬਾਸ਼ਿੰਦੇ ਖਰੜ ਸ਼ਹਿਰ ਨਾਲੋਂ ਟੁੱਟ ਚੁੱਕੇ ਹਨ ਅਤੇ ਇਹਨਾਂ ਨੂੰ ਪਿੰਡ ਜੰਡਪੁਰ ਦੇ ਕੌਂਸਲਰ ਪਾਸ ਦੋ/ਢਾਈ ਕਿਲੋਮੀਟਰ ਦੀ ਦੂਰੀ ਤੈਅ ਕਰਕੇ ਆਪਣੇ ਕੰਮ ਕਰਵਾਉਣ ਲਈ ਜਾਣਾ ਪੈਂਦਾ ਹੈ। ਕਾਰਨ ਸਿਰਫ ਇਹ ਹੈ ਕਿ ਇਹਨਾਂ ਪਿੰਡਾਂ ਦੇ ਧਨਾਢਾਂ ਵਲੋਂ ਅਧਿਕਾਰੀਆਂ ਨਾਲ ਮਿਲ ਕੇ ਦੋ ਪਿੰਡ ਹਰਲਾਲਪੁਲ ਅਤੇ ਜੰਡਪੁਰ ਨੂੰ ਇੱਕ ਵਾਰਡ ਵਿੱਚ ਪਵਾ ਲਿਆ ਗਿਆ ਸੀ, ਜਦੋਂ ਕਿ ਪਿੰਡ ਝੁੱਗੀਆਂ ਇਨ੍ਹਾਂ ਪਿੰਡਾਂ ਵਿੱਚ ਸ਼ਾਮਲ ਰਹਿਣਾ ਚਾਹੀਦਾ ਸੀ, ਉਸ ਨੂੰ ਸ਼ਹਿਰ ਦੀਆਂ ਨਾਮਵਰ ਕਲੋਨੀਆਂ ਸੰਨੀ ਇੰਨਕਲੇਵ, ਸਵਰਾਜ ਨਗਰ, ਮਹਿਕ ਨਗਰ ਵਗੈਰਾ ਦੇ ਨਾਲ ਇੱਕ ਵਾਰਡ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਹਨਾਂ ਵਾਰਡਾਂ ਦੀ ਵਾਰਡਬੰਦੀ ਹੀ ਅਫਸਰਸ਼ਾਹੀ, ਕੌਲੋਨਾਈਜਰਾਂ, ਰਾਜਨੀਤਕ ਆਗੂਆਂ ਨੇ ਇਸ ਢੰਗ ਨਾਲ ਕੀਤੀ ਹੈ ਕਿ ਇਸ ਦਾ ਰਾਜਨੀਤਕ ਲਾਭ ਪਿੰਡਾਂ ਦੇ ਧਨਾਢ ਲੋਕਾਂ ਨੂੰ ਮਿਲ ਸਕੇ। ਇਹਨਾਂ ਦੀ ਵਾਰਡਬੰਦੀ, ਕਾਂਗਰਸ ਪਾਰਟੀ ਦੀ ਸਰਕਾਰ ਸਮੇਂ ਕਾਂਗਰਸੀਆਂ ਨੇ ਅਤੇ ਅਕਾਲੀ ਸਰਕਾਰ ਵੇਲੇ ਅਕਾਲੀਆਂ ਨੇ ਆਪਣੀ ਜਿੱਤ ਦਰਜ ਕਰਵਾਉਣ ਲਈ ਆਪਣੇ ਅਨੁਸਾਰ ਹੀ ਕਰਵਾਈ ਸੀ। ਪਿੰਡਾਂ ਦੇ ਧਨਾਢਾਂ ਨੂੰ ਜਿੱਤਣ ਲਈ ਦਿੱਤੀ ਗਈ ਇਸ ਰਾਜਨੀਤਕ ਰਾਹਤ ਨੇ ਸ਼ਹਿਰ ਦੇ ਲੋਕਾਂ ਨੂੰ ਪ੍ਰੇਸ਼ਾਨ ਕਰ ਰੱਖਿਆ ਹੈ, ਸ਼ਹਿਰ ਦੀਆਂ ਇਹਨਾਂ ਕਲੋਨੀਆਂ ਦੇ ਲੋਕ ਆਪਣੇ ਨੁਮਾਇੰਦੇ ਕਿਵੇਂ ਚੁਣ ਸਕਦੇ ਹਨ, ਜਦੋਂ ਸ਼ਹਿਰ ਨਾਲੋਂ ਉਨ੍ਹਾਂ ਨੂੰ ਪਿੰਡਾਂ ਨਾਲ ਲਗਾਇਆ ਹੀ ਇਸ ਢੰਗ ਨਾਲ ਗਿਆ ਹੈ ਤਾਂ ਕਿ ਪਿੰਡਾਂ ਦੇ ਲੋਕ ਹੀ ਕੌਂਸਲਰ ਦੀ ਚੋਣ ਜਿੱਤ ਕੇ ਆਪਣੇ ਰਾਜਨੀਤਕ ਆਕਾਵਾਂ ਦੇ ਕੰਮ ਆ ਸਕਣ। ਇਨ੍ਹਾਂ ਕਾਰਨਾਂ ਕਰਕੇ ਪਿੰਡਾਂ ਦੇ ਲੋਕ ਹੀ ਪਿੰਡਾਂ ਦੇ ਨੁਮਾਇੰਦਿਆਂ ਦੀ ਚੋਣ ਕਰ ਲੈਂਦੇ ਹਨ, ਸ਼ਹਿਰ ਦੀਆਂ ਕਲੋਨੀਆਂ ਦੇ ਲੋਕ ਜਿਹੜੇ ਸ਼ਹਿਰ ਨਾਲੋਂ ਤੋੜ ਕੇ ਪਿੰਡਾਂ ਨਾਲ ਲਗਾ ਦਿੱਤੇ ਗਏ ਹਨ, ਉਹ ਰਾਜਨੀਤਕ ਪ੍ਰਕਿਰਿਆ ਤੋਂ ਤਾਂ ਬਾਹਰ ਹੋ ਹੀ ਚੁੱਕੇ ਹਨ, ਇਸ ਦੇ ਉਲਟ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਡੈਮੋਕ੍ਰੇਟਿਕ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਖਰੜ ਦੇ ਪ੍ਰਧਾਨ ਮਲਕੀਅਤ ਸਿੰਘ ਰਾਣਾ, ਰਾਮ ਸਿੰਘ,ਅਮਰਜੀਤ ਸਿੰਘ, ਬਾਪੂ ਸ਼ੇਰ ਸਿੰਘ ਕਟਾਣੀ, ਕਾਮਰੇਡ ਰਾਜ ਕੁਮਾਰ, ਸਮਾਜ ਸੇਵੀ ਮਦਨ ਲਾਲ ਜਨਾਗਲ, ਮਹਿੰਦਰ ਰਾਮ ਪਾਲ, ਹਰਭਜਨ ਸਿੰਘ, ਰਾਜਿੰਦਰ ਸਿੰਘ ਅਤੇ ਅਨੇਕਾਂ ਸ਼ਹਿਰ ਨਿਵਾਸੀਆਂ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ, ਖਰੜ ਹਲਕੇ ਦੀ ਨੁਮਾਇੰਦਗੀ ਕਰਦੀ ਕੈਬਨਿਟ ਮੰਤਰੀ ਬੀਬਾ ਅਨਮੋਲ ਗਗਨ ਮਾਨ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਖਰੜ ਦੀਆਂ ਕਲੋਨੀਆਂ ਦੇ ਵਾਸੀਆਂ ਨੂੰ ਸ਼ਹਿਰ ਵਿੱਚ ਸ਼ਾਮਲ ਕਰਕੇ ਪਿੰਡ ਜੰਡਪੁਰ, ਹਰਲਾਲਪੁਲ ਅਤੇ ਝੁੱਗੀਆਂ ਦਾ ਇੱਕ ਵਾਰਡ ਦੇ ਤੌਰ 'ਤੇ ਗਠਿਤ ਕੀਤਾ ਜਾਵੇ ਅਤੇ ਵਾਰਡਬੰਦੀ ਦਰੁਸਤ ਕਰਵਾ ਕੇ ਪਿੰਡਾਂ ਨਾਲ ਲਗਾਈਆਂ ਕਲੋਨੀਆਂ ਨੂੰ ਸ਼ਹਿਰ ਦਾ ਮੁੜ ਹਿੱਸਾ ਬਣਾਇਆ ਜਾਵੇ।

ਆਦਰਮਾਨ ਸਕੂਲ ਨੂੰ 2 ਲੱਖ ਰੁਪਏ ਦੀ ਮਦਦ

ਮਹਿਤਪੁਰ (ਰਾਜਾ)- ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਆਦਰਮਾਨ ਬਲਾਕ ਨਕੋਦਰ 1 ਜਲੰਧਰ ਵਿਖੇ ਕਰਵਾਏ ਗਏ ਸਾਲਾਨਾ ਸਮਾਗਮ 'ਤੇ ਜਸਪਾਲ ਸਿੰਘ ਸੰਗੋਵਾਲ ਵੱਲੋਂ ਆਪਣੇ ਪਿਤਾ ਮਾਸਟਰ ਅਰੂੜ ਸਿੰਘ ਦੀ ਯਾਦ 'ਚ 1 ਲੱਖ ਰੁਪਏ ਅਤੇ ਪ੍ਰੀਤਮ ਸਿੰਘ ਚੀਮਾ ਵੱਲੋਂ 1 ਲੱਖ ਰੁਪਏ ਸਕੂਲ 'ਚ ਸਿੱਖਿਆ ਦੀ ਬਿਹਤਰੀ ਲਈ ਫੰਡ ਕਾਇਮ ਕਰਨ ਲਈ ਭੇਟ ਕੀਤੇ ਗਏ। ਮਾਸਟਰ ਅਰੂੜ ਸਿੰਘ ਨੇ 1950 ਦੇ ਦਹਾਕੇ 'ਚ ਲੰਬਾ ਸਮਾਂ ਸਕੂਲ 'ਚ ਸੇਵਾ ਕੀਤੀ ਤੇ ਪ੍ਰੀਤਮ ਸਿੰਘ 1952 'ਚ ਵਿਦਿਆਰਥੀ ਵਜੋਂ ਸਕੂਲ 'ਚ ਦਾਖਲ ਹੋਏ। ਜਸਪਾਲ ਸਿੰਘ ਸੰਗੋਵਾਲ ਵਿਖੇ ਸਮਾਜਕ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਪ੍ਰੀਤਮ ਸਿੰਘ ਪਹਿਲਾਂ ਵੀ ਪਿੰਡ ਅਤੇ ਸਕੂਲ ਦੇ ਵਿਕਾਸ ਕੰਮਾਂ ਵਿੱਚ ਯੋਗਦਾਨ ਪਾਉਂਦੇ ਰਹੇ ਹਨ। ਪ੍ਰੀਤਮ ਸਿੰਘ ਵੱਲੋਂ 25000/- ਹਾਈ ਸਕੂਲ 'ਚ ਇਨਵਰਟਰ ਲਈ ਵੱਖਰੇ ਤੌਰ 'ਤੇ ਭੇਟ ਕੀਤੇ ਗਏ। ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਸਕੂਲ ਦੇ ਸਾਲਾਨਾ ਸਮਾਗਮ ਮੌਕੇ ਜਸਪਾਲ ਸਿੰਘ ਅਤੇ ਪ੍ਰੀਤਮ ਸਿੰਘ ਦੇ ਭਰਾ ਡਾ. ਅਮਰਜੀਤ ਸਿੰਘ ਚੀਮਾ, ਜੋ ਕਿ ਇਲਾਕੇ ਦੀ ਉੱਘੀ ਸ਼ਖਸੀਅਤ ਹਨ ਤੇ ਇਸ ਸਕੂਲ ਦੇ ਹੋਣਹਾਰ ਵਿਦਿਆਰਥੀ ਰਹੇ ਹਨ, ਨੂੰ ਸਕੂਲ ਸਟਾਫ਼ ਤੇ ਪਿੰਡ ਵਾਸੀਆਂ ਵੱਲੋਂ ਸਨਮਾਨਤ ਕੀਤਾ ਗਿਆ। ਸਕੂਲ ਦੇ ਬੱਚਿਆਂ ਵੱਲੋਂ ਸ਼ਾਨਦਾਰ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਬੱਚਿਆਂ ਦੇ ਸਾਲਾਨਾ ਨਤੀਜੇ 'ਤੇ ਬੱਚਿਆਂ ਨੂੰ ਹਾਜ਼ਰ ਸ਼ਖਸੀਅਤਾਂ ਵੱਲੋਂ ਇਨਾਮ ਵੰਡੇ ਗਏ। ਮੁੱਖ ਅਧਿਆਪਕ ਜਗਜੀਤ ਸਿੰਘ ਵੱਲੋਂ ਦਾਨੀ ਸੱਜਣਾਂ ਅਤੇ ਆਏ ਪਤਵੰਤੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਤੇ ਵੱਧ ਤੋਂ ਵੱਧ ਬੱਚਿਆਂ ਨੂੰ ਸਕੂਲ 'ਚ ਦਾਖ਼ਲ ਕਰਵਾਉਣ ਦੀ ਬੇਨਤੀ ਕੀਤੀ। ਸੈਂਟਰ ਹੈਡ ਟੀਚਰ ਸ਼ਾਹਪੁਰ ਜਸਪ੍ਰੀਤ ਕੌਰ ਤੇ ਬਲਾਕ ਸਿੱਖਿਆ ਅਫਸਰ ਨਕੋਦਰ 1 ਰਮੇਸ਼ਵਰ ਚੰਦਰ ਵੱਲੋਂ ਸੰਦੇਸ਼ ਰਾਹੀਂ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ ਤੇ ਸਕੂਲ ਮੁਖੀ, ਸਟਾਫ਼ ਤੇ ਬੱਚਿਆਂ ਨੂੰ ਸ਼ਾਨਦਾਰ ਪ੍ਰਾਪਤੀਆਂ ਲਈ ਵਧਾਈ ਦਿੱਤੀ ਗਈ। ਇੰਦਰਜੀਤ ਸਿੰਘ ਦੇ ਪਰਵਾਰ (ਜੈ ਸ਼ਰਧਾ ਬੁੱਕ ਸੈਂਟਰ) ਵੱਲੋਂ ਬੱਚਿਆਂ ਤੇ ਮਾਪਿਆਂ ਲਈ ਰਿਫਰੈਸ਼ਮੈਂਟ ਦੀ ਸੇਵਾ ਨਿਭਾਈ ਗਈ। ਇਸ ਮੌਕੇ ਚੇਅਰਮੈਨ ਸੁਖਜਿੰਦਰ ਸਿੰਘ, ਸਰਪੰਚ ਜਸਬੀਰ ਚੰਦ, ਕੁਲਦੀਪ ਸਿੰਘ ਚੰਦੀ ਸੰਗੋਵਾਲ, ਪਰਮਜੀਤ ਸਿੰਘ, ਜਰਨੈਲ ਸਿੰਘ, ਕੁਲਦੀਪ ਕੌਰ, ਮਨਜੀਤ ਕੌਰ, ਬੀ ਐਮ ਟੀ ਸੁਰਜੀਤ ਸਿੰਘ, ਰਾਜਬੀਰ ਕੌਰ, ਅਮਨਦੀਪ ਸਿੰਘ ਨੰਬਰਦਾਰ, ਤਖ਼ਤ ਸਿੰਘ, ਸੁਖਵਿੰਦਰ ਸਿੰਘ ਤੇ ਹਾਈ ਸਕੂਲ ਸਟਾਫ਼, ਨਰਿੰਦਰ ਕੌਰ ਆਂਗਣਵਾੜੀ ਸਟਾਫ਼ ਤੇ ਬੱਚਿਆਂ ਦੇ ਮਾਤਾ ਪਿਤਾ ਹਾਜ਼ਰ ਸਨ।

ਇਨੋਸੈਂਟ ਹਾਰਟਸ 'ਚ ਹਵਨ-ਯੱਗ ਨਾਲ ਨਵੇਂ ਸੈਸ਼ਨ ਦੀ ਸ਼ੁਰੂਆਤ

ਜਲੰਧਰ (ਸ਼ੈਲੀ ਐਲਬਰਟ)- : ਇੰਨੋਸੈਂਟ ਹਾਰਟਸ ਦੇ ਪੰਜਾਂ ਸਕੂਲਾਂ (ਗਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ-ਜੰਡਿਆਲਾ ਰੋਡ,ਕਪੂਰਥਲਾ ਰੋਡ ਅਤੇ ਨੂਰਪੁਰ) ਵਿੱਚ ਨਵੇਂ ਸੈਸ਼ਨ 2023-24 ਦੀ ਸ਼ੁਰੂਆਤ ਮੌਕੇ ਸਕੂਲ ਦੇ ਵਿਹੜੇ ਵਿੱਚ ਹਵਨ-ਯੱਗ ਕਰਵਾਇਆ ਗਿਆ । ਜਿਸ ਵਿੱਚ ਬੱਚਿਆਂ ਦੇ ਸੁਨਿਹਰੀ ਭਵਿੱਖ ਅਤੇ ਸਕੂਲ ਦੇ ਵਿਕਾਸ ਦੀ ਕਾਮਨਾ ਕੀਤੀ ਗਈ । ਇਸ ਹਵਨ-ਯੱਗ ਵਿੱਚ ਸ਼੍ਰੀਮਤੀ ਸ਼ੈਲੀ ਬੱਰੀ (ਐਗਜੀਕਿਊਟਿਵਡਾਇਰੈਕਟਰ, ਸਕੂਲਜ), ਸ਼੍ਰੀਮਤੀ ਅਰਾਧਨਾ ਬੱਰੀ (ਅੈਗਜੀਕਿਊਟਿਵ ਡਾਇਰੈਕਟਰ,ਕਾਲਜਜ), ਡਾ. ਪਲਕ ਬੱਰੀ (ਡਾਇਰੈਕਟਰ, ਸੀ.ਐਸ.ਆਰ.) ਸ਼ਾਮਲ ਹੋਏ।ਸਾਰੇ ਪਤਵੰਤੇ ਸੱਜਣ ਮਨੀਸ਼ ਜੋਸ਼ੀ (ਚੀਫ ਐਗਜੀਕਿਊਟਿਵ ਅਫਸਰ),ਸ਼੍ਰੀਮਤੀ ਹਰਲੀਨ ਗੁਲਰੀਆ । (ਡਿਪਟੀ ਡਾਇਰੈਕਟਰ, ਪ੍ਰਾਇਮਰੀ ਐਜੂਕੇਸ਼ਨ),ਸ਼੍ਰੀਮਤੀ ਸ਼ਰਮੀਲਾ ਨਾਕਰਾ (ਡਿਪਟੀ ਡਾਇਰੈਕਟਰ, ਕਲਚਰਲ ਅਫੇਅਰਜ), ਸ਼੍ਰੀਮਤੀ ਗੁਰਿਵੰਦਰ ਕੌਰ (ਡਿਪਟੀ ਡਾਇਰੈਕਟਰ, ਸਕੂਲਜ ਅਕੈਡਿਮਕਜ), ਸ਼੍ਰੀਮਤੀ ਅਲਕਾ ਅਰੋੜਾ (ਡਿਪਟੀ ਡਾਇਰੈਕਟਰ ਇੰਨੋਕਿਡਜ਼), ਸ਼੍ਰੀਮਤੀ ਪੂਨਮ ਨਾਰੰਗ, ਸਮੂਹ ਸਕੂਲਾਂ ਦੇ ਪ੍ਰਿੰਸੀਪਲ ਰਾਜੀਵ ਪਾਲੀਵਾਲ (ਗ੍ਰੀਨ ਮਾਡਲ ਟਾਊਨ), ਸ਼੍ਰੀਮਤੀ ਸ਼ਾਲੂ ਸਿਹਗਲ (ਲੋਹਾਰਾਂ), ਸ਼੍ਰੀਮਤੀ ਸੋਨਾਲੀ (ਕੈਂਟ-ਜੰਡਿਆਲਾ ਰੋਡ), ਸ਼੍ਰੀਮਤੀ ਸ਼ੀਤੂ ਧੰਨਾ (ਕਪੂਰਥਲਾ ਰੋਡ), ਸ਼੍ਰੀਮਤੀ ਮੀਨਾਕਸ਼ੀ ਸ਼ਰਮਾ (ਨੂਰਪੁਰ), ਅਤੇ ਸੀਨੀਅਰ ਅਧਿਆਪਕਾਂ ਨੇ ਯੱਗ ਵਿੱਚ ਵਿਦਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ । ਕੈਂਟ ਜੰਡਿਆਲਾ ਰੋਡ ਵਿਖੇ ਵਿਸ਼ੇਸ਼ ਤੌਰ 'ਤੇ ਅਰਦਾਸ ਕੀਤੀ ਗਈ । ਪੂਰਨਾਹੂਤੀ ਤੋਂ ਬਾਅਦ ਸਾਰੇ ਮੈਂਬਰਾਂ ਨੇ ਇੱਕ ਦੂਜੇ ਨੂੰ ਨਵੇਂ ਸੈਸ਼ਨ ਦੀ ਸ਼ੁਰੂਆਤ ਦੀ ਵਧਾਈ ਦਿੱਤੀ । ਹਵਨ ਦੇ ਅੰਤ ਵਿੱਚ ਸਾਰਿਆਂ ਨੂੰ ਪ੍ਰਸ਼ਾਦ ਵੰਡਿਆ ਗਿਆ ।-

ਪੰਡੇਸਿਕ ਐਂਡੋਸਕੋਪੀ ਸੁਸਾਇਟੀ ਦੀ ਛੇਵੀਂ ਸਾਲਾਨਾ ਕਾਨਫਰੰਸ 7 ਤੋਂ

5-APRIL-PAGE-10.qxd 4/4/2023 10:37 PM Page 1

ਜੋ ਸਿੱਧੂ ਮੂਸੇਵਾਲਾ ਨਾਲ ਹੋਇਆ, ਉਹੀ ਮੇਰੇ ਨਾਲ ਹੋ ਰਿਹੈ : ਨਵਜੋਤ ਸਿੱਧੂ

■ ਲਾਰੈਂਸ ਬਿਸ਼ਨੋਈ ਦੀ ਮੁਲਾਕਾਤ ਤੇ ਮੂਸੇਵਾਲਾ ਦੀ ਸਕਿਓਰਿਟੀ ਘਟਾਉਣ 'ਤੇ ਪੰਜਾਬ ਸਰਕਾਰ ਖਾਮੋਸ਼ ਕਿਉਂ : ਬਲਕੌਰ ਸਿੰਘ

ਮਾਨਸਾ (ਆਤਮਾ ਸਿੰਘ ਪਮਾਰ)

ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਬਾਅਦ ਸੋਮਵਾਰ ਨੂੰ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਪੁੱਜੇ ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਚਰਮਰਾ ਗਈ ਹੈ। ਸੂਬੇ ਦਾ ਮੁੱਖ ਮੰਤਰੀ ਬਹੁਤ ਕੁਝ ਕਰ ਸਕਦਾ ਹੈ, ਪਰ ਸਰਕਾਰ ਇਸ ਉੱਤੇ ਅਜੇ ਤੱਕ ਕੁਝ ਵੀ ਨਹੀਂ ਕਰ ਸਕੀ। ਉਨ੍ਹਾਂ ਕਿਹਾ ਕਿ ਅਸਲ ਵਿੱਚ ਕੋਈ ਵੀ ਪੁਲਸ ਕਮਜ਼ੋਰ ਨਹੀਂ ਹੁੰਦੀ, ਸਗੋਂ ਉਸ ਨੂੰ ਹੁਕਮ ਹੀ ਕਮਜ਼ੋਰ ਕਰਦੇ ਹਨ। ਨਵਜੋਤ ਸਿੰਘ ਸਿੱਧੂ ਘੰਟਿਆਂ ਬੱਧੀ ਸਿੱਧੂ ਦੇ ਮਾਪਿਆਂ ਬਲਕੌਰ ਸਿੰਘ ਤੇ ਚਰਨ ਕੌਰ, ਤਾਇਆ ਚਮਕੌਰ ਸਿੰਘ ਨਾਲ ਦੁੱਖ ਸਾਂਝਾ ਕਰਦੇ ਰਹੇ ਅਤੇ ਇਸ ਕਤਲ ਕਾਂਡ ਨਾਲ ਸਬੰਧਤ ਹੁਣ ਤੱਕ ਦੀ ਚੱਲ ਰਹੀ ਸਮੁੱਚੀ ਪ੍ਰਕਿਰਿਆ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਕੀਤਾ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੱਧੂ ਨੇ ਕਿਹਾ ਕਿ ਸਰਕਾਰ ਨੂੰ ਇਹ ਸਵਾਲ ਕਰਨਾ ਬਣਦਾ ਹੈ ਕਿ ਜਦੋਂ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲਈ ਗਈ ਤਾਂ ਉਸ ਨੂੰ ਸੋਸ਼ਲ ਮੀਡੀਆ 'ਤੇ ਪਬਲਿਕ ਕਿਓਂ ਕੀਤਾ ਗਿਆ? ਉਨ੍ਹਾ ਕਿਹਾ ਕਿ ਸਿੱਧੂ ਮੂਸੇਵਾਲਾ ਕਤਲ ਪਿੱਛੇ ਕੋਈ ਰਾਜਨੀਤਕ ਸਾਜ਼ਿਸ਼ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਉਨ੍ਹਾ ਕਿਹਾ ਕਿ ਸੂਬੇ ਵਿੱਚ ਕਾਨੂੰਨ ਵਿਵਸਥਾ ਅਤਿ ਜ਼ਰੂਰੀ ਹੁੰਦੀ ਹੈ, ਜਿਹੜੀ ਪੰਜਾਬ ਵਿੱਚ ਹੁਣ ਕਿੱਧਰੇ ਨਜ਼ਰੀ ਨਹੀਂ ਆ ਰਹੀ। ਉਨ੍ਹਾ ਕਿਹਾ

ਕਿ ਉਨ੍ਹਾਂ ਨੂੰ ਚੁੱਪ ਕਰਵਾਉਣ ਲਈ ਵੀ ਸਰਕਾਰ ਨੇ ਉਨ੍ਹਾਂ ਦੀ ਸੁਰੱਖਿਆ ਘਟਾ ਦਿੱਤੀ ਹੈ, ਜੋ ਕੁਝ ਸਿੱਧੂ ਮੂਸੇਵਾਲਾ ਨਾਲ ਹੋਇਆ, ਉਹੀ ਮੇਰੇ ਨਾਲ ਹੋ ਰਿਹਾ ਹੈ, ਪਰ ਮੈਂ ਸੱਚ ਬੋਲਣ ਤੋਂ ਰੁਕਣ ਵਾਲਾ ਨਹੀਂ ਹਾਂ। ਬੇਸ਼ੱਕ ਉਨ੍ਹਾਂ ਦੀ ਸੁਰੱਖਿਆ ਬਿਲਕੁੱਲ ਹੀ ਘਟਾ ਦਿੱਤੀ ਜਾਵੇ। ਉਨ੍ਹਾ ਪੰਜਾਬ 'ਚ ਗੈਂਗਸਟਰਵਾਦ 'ਤੇ ਬੋਲਦਿਆਂ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਸੁਧਾਰ ਘਰ ਦੀ ਥਾਂ 'ਤੇ ਅਪਰਾਧ ਦਾ ਸੁਵਿਧਾ ਕੇਂਦਰ ਬਣ ਗਈਆਂ ਹਨ। ਪੰਜਾਬ ਵਿੱਚ ਨੌਜਵਾਨ ਰਹਿਣ ਨੂੰ ਤਿਆਰ ਨਹੀਂ। ਲੱਖਾਂ ਦੀ ਗਿਣਤੀ 'ਚ ਨੌਜਵਾਨ ਪੰਜਾਬ ਛੱਡ ਕੇ ਵਿਦੇਸ਼ਾਂ ਨੂੰ ਕੂਚ ਕਰ ਰਹੇ ਹਨ। ਕੁਰਾਹੇ ਪਏ ਭੜਕੇ ਨੌਜਵਾਨਾਂ ਨੂੰ ਵਰਤ ਕੇ ਉਨ੍ਹਾਂ ਤੋਂ ਘਟਨਾਵਾਂ ਕਰਵਾਈਆਂ ਜਾ ਰਹੀਆਂ ਹਨ ਕਿ ਪੰਜਾਬ ਵਿੱਚ ਕਤਲ, ਧਮਕੀਆਂ, ਫਿਰੌਤੀਆਂ ਵਧ ਗਈਆਂ ਹਨ। ਉਨ੍ਹਾ ਕਿਹਾ ਕਿ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਪੰਜਾਬੀਆਂ ਦਾ ਨਾਮ ਚਮਕਾਉਣ ਵਾਲੇ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਾਪਸ ਲਈ ਗਈ ਤੇ ਗੈਂਗਸਟਰਾਂ ਨੂੰ ਜ਼ੈੱਡ ਸਕਿਓਰਿਟੀ ਦਿੱਤੀ ਜਾ ਰਹੀ ਹੈ। ਉਨ੍ਹਾ ਕਿਹਾ ਕਿ ਵਿਰੋਧੀ ਪਾਰਟੀਆਂ ਵਿੱਚ ਵੀ ਕੁਝ ਚੰਗੇ ਲੋਕ ਬੈਠੇ ਹਨ, ਉਨ੍ਹਾਂ ਨੂੰ ਅਪੀਲ ਹੈ ਕਿ ਸਮੂਹਕ ਏਕਤਾ ਕਰਕੇ ਪੰਜਾਬ ਨੂੰ ਬਚਾਇਆ ਜਾਵੇ। ਉਨ੍ਹਾ ਕਿਹਾ ਕਿ ਪੁਲਸ ਵਿੱਚ ਵੀ ਬਹੁਤ ਕਾਬਿਲ ਲੋਕ ਹਨ, ਪਰ ਸਰਕਾਰ ਨੂੰ ਉਨ੍ਹਾਂ ਤੋਂ ਕੰਮ ਲੈਣਾ ਆਉਣਾ ਚਾਹੀਦਾ ਹੈ। ਉਨ੍ਹਾ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਭਰੋਸਾ ਦਿਵਾਇਆ ਕਿ ਉਹ ਪਰਿਵਾਰ ਨਾਲ ਚੱਟਾਨ ਵਾਂਗ ਖੜੇ ਹਨ।

ਇਸ ਮੌਕੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਲਾਰੈਂਸ ਬਿਸ਼ਨੋਈ ਦੀ ਜੇਲ੍ਹ ਵਿੱਚੋਂ ਜਾਰੀ ਹੋਈ ਵੀਡਿਓ ਸੰਬੰਧੀ ਬੋਲਦਿਆਂ ਕਿਹਾ ਕਿ ਬੋਸ਼ੱਕ ਇਸ 'ਤੇ ਇੱਕ ਕਮੇਟੀ ਬਣਾ ਦਿੱਤੀ ਗਈ ਹੈ, ਪਰ ਹਾਲੇ ਤੱਕ ਇਹ ਨ੍ਹੀਂ ਦੱਸਿਆ ਗਿਆ ਕਿ ਇਸ ਦੀ ਰਿਪੋਰਟ ਕਦੋਂ ਆਵੇਗੀ।

ਬਲਕਾਰ ਸਿੰਘ ਨੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਲਾਰੈਂਸ ਬਿਸ਼ਨੋਈ ਦੀ ਮੁਲਾਕਾਤ ਤੇ ਸ਼ੁਭਦੀਪ ਸਿੱਧੂ ਦੀ ਸਕਿਉਰਟੀ ਘਟਾਉਣ ਵਾਲੇ ਪੱਤਰ ਨੂੰ ਜਨਤਕ ਕਰਨ ਦੇ ਮਾਮਲੇ 'ਤੇ ਸਰਕਾਰ ਖਾਮੋਸ਼ ਕਿਉਂ ਹੈ? ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮਾਨਸਾ ਦੇ ਚੇਅਰਮੈਨ ਬਿਕਰਮ ਸਿੰਘ ਮੋਫਰ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਸੀਨੀਅਰੀ ਕਾਂਗਰਸੀ ਆਗੂ ਰਣਜੀਤ ਸਿੰਘ ਦੋਦੜਾ, ਚੇਅਰਮੈਨ ਜਗਮੇਲ ਸਿੰਘ ਨੰਗਲ, ਕਾਂਗਰਸੀ ਆਗੂ ਪ੍ਰਿਤਪਾਲ ਸਿੰਘ ਡਾਲੀ, ਚੇਅਰਮੈਨ ਸੁਰੇਸ਼ ਕੁਮਾਰ ਨੰਦਗੜ੍ਹੀਆ, ਮਨਦੀਪ ਸਿੰਘ ਗੋਰਾ, ਸਰਪੰਚ ਜਗਦੀਪ ਸਿੰਘ ਬੁਰਜ ਢਿੱਲਵਾਂ, ਅੱਪੀ ਝੱਬਰ, ਬਲਦੇਵ ਸਿੰਘ ਰੜ, ਨੰਬਰਦਾਰ ਗੁਰਵੀਰ ਸਿੰਘ ਝੱਬਰ ਤੋਂ ਇਲਾਵਾ ਇਲਾਕੇ ਦੇ ਮੋਹਤਬਰ ਵਿਅਕਤੀ ਮੌਜੂਦ ਸਨ।

ਭਾਕਿਯੂ ਰਾਜੇਵਾਲ ਵੱਲੋਂ ਨੁਕਸਾਨੀਆਂ ਫ਼ਸਲਾਂ ਦੇ ਮੁਆਵਜ਼ੇ ਦੀ ਮੰਗ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)

ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਧੂਰੀ ਤੇ ਬਲਾਕ ਸ਼ੇਰਪੁਰ ਦੀ ਮੀਟਿੰਗ ਬਲਾਕ ਪ੍ਰਧਾਨ ਬਲਵਿੰਦਰ ਸਿੰਘ ਜੱਖਲਾਂ ਤੇ ਸੂਬਾ ਸਕੱਤਰ ਰਛਪਾਲ ਸਿੰਘ ਦੋਹਲਾ ਦੀ ਪ੍ਰਧਾਨਗੀ ਹੇਠ ਹੋਈ। ਵੱਖ-ਵੱਖ ਬੁਲਾਰਿਆਂ ਨੇ ਹਾੜ੍ਹੀ ਦੀ ਫ਼ਸਲ ਦੇ ਮੱਦੇਨਜ਼ਰ ਮੰਡੀਆਂ ਵਿੱਚ ਬਾਰਦਾਨਾ, ਬਿਜਲੀ ਤੇ ਪਾਣੀ ਅਤੇ ਸਰਕਾਰੀ ਖਰੀਦ ਦੇ ਪੁਖਤਾ ਪ੍ਰਬੰਧ ਕਰਨ ਦੀ ਮੰਗ ਕਰਦਿਆਂ ਬੇਮੌਸਮੀ ਬਾਰਸ਼ ਤੇ ਗੜੇਮਾਰੀ ਕਾਰਨ ਨੁਕਸਾਨੀਆਂ ਫ਼ਸਲਾਂ ਦੇ ਤੁਰੰਤ 50 ਹਜ਼ਾਰ ਰੁਪੈ ਫੀ ਏਕੜ ਮੁਆਵਜ਼ੇ ਦੀ ਮੰਗ ਕੀਤੀ ਗਈ। ਧੂਰੀ ਤੋਂ ਛੀਟਾਂਵਾਲਾ ਸੜਕ ਦੇ ਖਸਤਾ ਹਾਲ ਹੋਣ ਕਾਰਨ ਫ਼ਸਲ ਦੇ ਸੀਜ਼ਨ ਤੋਂ ਪਹਿਲਾਂ ਮੁਰੰਮਤ ਕਰਵਾਉਣ ਦੀ ਮੰਗ ਕੀਤੀ ਗਈ। ਉਨ੍ਹਾਂ ਅਧਾਰ ਕਾਰਡ ਅੱਪਡੇਟ ਕਰਨ ਦੀ 100 ਰੁਪੈ ਪ੍ਰਤੀ ਕਾਰਡ ਵਸੂਲੀ ਜਾ ਰਹੀ ਫੀਸ ਨੂੰ ਬੰਦ ਕਰਨ ਦੀ ਮੰਗ ਕੀਤੀ। ਇਸ ਮੌਕੇ ਕਿਰਪਾਲ ਸਿੰਘ ਬਟੂਹਾ, ਗੁਰਬਚਨ ਸਿੰਘ ਹਰਚੰਦਪੁਰ, ਗੁਰਨਾਮ ਸਿੰਘ ਕਾਂਝਲਾ, ਸੁਖਪਾਲ ਸਿੰਘ ਕਾਂਝਲਾ, ਕਰਮਜੀਤ ਸਿੰਘ ਕਾਂਝਲਾ, ਸੀਰਾ ਸਿੰਘ ਕਾਂਝਲਾ, ਛੋਟਾ ਸਿੰਘ ਕਾਂਝਲਾ, ਬਿੰਦਰ ਸਿੰਘ ਕਾਂਝਲਾ, ਸੁਰਜੀਤ ਸਿੰਘ ਘਨੌਰੀ, ਗੁਰਤੇਜ ਸਿੰਘ ਭੁੱਲਰਹੇੜੀ, ਕਾਕਾ ਸਿੰਘ ਭੁੱਲਰਹੇੜੀ, ਗੁਰਜੰਟ ਸਿੰਘ ਭੜੀ, ਸਰਬਜੀਤ ਸਿੰਘ ਅਲਾਲ ਸਰਪੰਚ, ਮਲਕੀਤ ਸਿੰਘ ਜੱਖਲਾਂ ਆਦਿ ਹਾਜ਼ਰ ਸਨ।

ਪੀ ਐੱਸ ਯੂ ਵੱਲੋਂ ਗੁਰੂ ਕਾਸ਼ੀ ਕੈਂਪਸ 'ਚ ਹੜਤਾਲ ਭਲਕੇ

ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬੀ ਯੂਨੀਵਰਸਿਟੀ ਬਚਾਓ ਮੋਰਚਾ ਵੱਲੋਂ 6 ਅਪ੍ਰੈਲ ਦੇ ਹੜਤਾਲ ਦੇ ਸੱਦੇ ਸਬੰਧੀ ਕੱਢਿਆ ਪੋਸਟਰ ਕਾਲਜ 'ਚ ਲਾਇਆ ਗਿਆ ਤੇ ਮੋਰਚੇ ਦਾ ਹੱਥ ਪਰਚਾ ਵਿਦਿਆਰਥੀਆਂ 'ਚ ਵੰਡਿਆ ਗਿਆ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਆਗੂ ਅਮਿਤੋਜ ਮੱਤ੍ਹ ਤੇ ਖੁਸ਼ਦੀਪ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਗੰਭੀਰ ਵਿੱਤੀ ਸੰਕਟ ਦਾ ਸ਼ਿਕਾਰ ਹੈ, ਕਿਉਂਕਿ ਪੰਜਾਬ ਸਰਕਾਰ ਵੱਲੋਂ ਲੋੜੀਂਦੀ ਗ੍ਰਾਂਟ ਜਾਰੀ ਨਹੀਂ ਕੀਤੀ ਜਾ ਰਹੀ, ਸਗੋਂ ਇਸ ਸਾਲ ਪਹਿਲਾਂ ਮਿਲਦੀ 211 ਕਰੋੜ ਤੋਂ ਘਟਾ ਕੇ 164 ਕਰੋੜ ਕਰ ਦਿੱਤੀ। ਇਸ ਦੀਆਂ ਦੋਸੀ ਪਹਿਲਾਂ ਵਾਲੀਆਂ ਸਰਕਾਰਾਂ ਵੀ ਓਨੀਆਂ ਹੀ ਜ਼ਿੰਮੇਵਾਰ ਨੇ ਜਿੰਨੀ ਮੌਜੂਦਾ ਸਰਕਾਰ। ਆਗੂਆਂ ਨੇ ਕਿਹਾ ਕਿ ਸਰਕਾਰਾਂ ਕਾਰਪੋਰੇਟ ਘਰਾਣਿਆਂ ਦੀਆਂ ਮਹਿੰਗੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਖੋਲ੍ਹਣ ਦੀ ਇਜਾਜ਼ਤ ਦਿੰਦਿਆਂ ਨੇ, ਪਰ ਪੰਜਾਬ ਦੀ ਇਕ ਸਿਰਮੌਰ ਸੰਸਥਾ ਨੂੰ ਲੋੜੀਂਦੀ ਗਰਾਂਟ ਨਹੀਂ ਦੇ ਰਹੀਆਂ। ਪੰਜਾਬੀ ਯੂਨੀਵਰਸਿਟੀ ਭਾਸ਼ਾ ਦੇ ਨਾਮ 'ਤੇ ਬਣੀ ਭਾਰਤ ਦੀ ਪਹਿਲੀ ਯੂਨੀਵਰਸਿਟੀ ਹੈ, ਜਿਸ ਨੇ ਕਿੰਨੇ ਹੀ ਵਿਦਵਾਨ, ਲੇਖਕ, ਕਵੀ ਪੈਦਾ ਕੀਤੇ, ਪਰ ਅੱਜ ਇਸ 'ਚ ਕੰਮ ਕਰ ਰਹੇ ਕਰਮਚਾਰੀ ਤੇ ਪੜ੍ਹਾ ਰਹੇ ਅਧਿਆਪਕਾਂ ਨੂੰ ਕਈ ਕਈ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲਦੀਆਂ। ਵਿਦਿਆਥੀਆਂ ਨੂੰ ਦਫਤਰੀ ਕੰਮਾਂ 'ਚ ਸਮੱਸਿਆਵਾਂ ਆਉਂਦੀਆਂ ਨੇ। ਕਾਲਜਾਂ 'ਚ ਸਾਫ ਸਫਾਈ, ਕਲਾਸਰੂਮਾਂ, ਇਮਾਰਤਾਂ ਦਾ ਬੁਰਾ ਹਾਲ ਹੈ। ਇਸ ਸਭ ਦਾ ਨੁਕਸਾਨ ਮਜ਼ਦੂਰਾਂ ਕਿਸਾਨਾਂ ਛੋਟੇ ਦੁਕਾਨਦਾਰਾਂ ਦੇ ਬੱਚਿਆਂ ਨੂੰ ਹੋ ਰਿਹਾ, ਜਿਨ੍ਹਾਂ ਲਈ ਇਹ ਯੂਨੀਵਰਸਿਟੀ ਤੇ ਕਾਲਜ ਆਸ ਦੀ ਕਿਰਨ ਹਨ। ਇਸ ਮੌਕੇ ਪੀ ਐੱਸ ਯੂ ਰੰਧਾਵਾ ਤੋਂ ਜਸਪ੍ਰੀਤ ਸਿੰਘ, ਸੋਨੂ ਰਾਮਾ, ਪਾਰਸ ਰਾਮਾ, ਪਾਇਲ, ਰਮਨ ਤੋਂ ਇਲਾਵਾ ਪੀ ਐੱਸ ਯੂ ਲਲਕਾਰ ਤੋਂ ਗੁਰਵਿੰਦਰ ਸਿੰਘ ਹਾਜ਼ਰ ਸਨ।

ਕਾਤਰਾਂ

ਤੇਜ਼ ਰਫਤਾਰ ਬੱਸ 'ਚੋਂ ਡਿੱਗਣ ਕਾਰਨ ਨਿਪਾਲੀ ਨੌਜਵਾਨ ਦੀ ਮੌਤ

ਧਨੌਲਾ (ਕਰਮਜੀਤ ਸਿੰਘ ਸਾਗਰ)-ਸੋਮਵਾਰ ਬਾਅਦ ਦੁਪਹਿਰ ਸੰਗਰੂਰ ਤੋਂ ਬਰਨਾਲਾ ਆ ਰਹੀ ਪ੍ਰਾਈਵੇਟ ਬੱਸ ਤੋਂ ਇੱਕ ਨੇਪਾਲੀ ਨੌਜਵਾਨ ਦੀ ਡਿੱਗਣ ਕਾਰਨ ਮੌਤ ਹੋ ਗਈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਦੀਪਕ ਪੁੱਤਰ ਜੈਸ ਵਾਸੀ ਨੇਪਾਲ, ਜੋ ਕਿ ਕਰੀਬ 4 ਵਜੇ ਇੱਕ ਪ੍ਰਾਈਵੇਟ ਬੱਸ ਐੱਚ ਐੱਮ ਟੀ ਰਾਹੀਂ ਸੰਗਰੂਰ ਤੋਂ ਧਨੌਲੇ ਵੱਲ ਆ ਰਿਹਾ ਸੀ, ਜਦੋਂ ਉਹ ਬੱਸ ਡਰੀਮ ਸਿਟੀ ਨੇੜੇ ਮਿੱਠੂ ਖਾਂ ਕਵਾਰਵਾਲੇ ਕੋਲ ਪਹੁੰਚੀ ਤਾਂ ਨੌਜੁਆਨ ਨੇ ਬੱਸ ਵਿੱਚ ਛਾਲ ਮਾਰ ਦਿੱਤੀ, ਜਿਸ ਨੂੰ ਜ਼ੇਰੇ ਇਲਾਜ ਲਈ ਮਿੱਠੂ ਖਾਨ ਨੇ ਸਰਕਾਰੀ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ ਤੇ ਨੌਜੁਆਨਾਂ ਦੀ ਵਾਰਸਾ ਨੇ ਉਸ ਨੂੰ ਸੰਭਾਲਿਆ ਕੁਝ ਹੀ ਸਮੇਂ ਬਾਅਦ ਉਸ ਦੀ ਮੌਤ ਹੋ ਗਈ। ਇਸ ਕੇਸ ਸੰਬੰਧੀ ਹੌਲਦਾਰ ਜਸਪਾਲ ਸਿੰਘ ਨੇ ਦੱਸਿਆ ਇਸ ਕੇਸ ਦੀ ਬਰੀਕੀ ਨਾਲ ਤਫਤੀਸ਼ ਕੀਤੀ ਜਾ ਰਹੀ ਹੈ ਅਗਲੀ ਕਾਰਵਾਈ ਵਾਰਸਾਂ ਦੇ ਬਿਆਨਾਂ ਦੇ ਆਧਾਰ 'ਤੇ ਕੀਤੀ ਜਾਵੇਗੀ?

ਦੋ ਨੌਜਵਾਨਾਂ 'ਤੇ ਚੜ੍ਹਿਆ ਟਰੱਕ, ਇੱਕ ਦੀ ਮੌਤ, ਦੂਸਰਾ ਗੰਭੀਰ ਜ਼ਖਮੀ

ਭੁਪਿੰਦਰ ਸਿੰਘ ਦੀ ਫਾਈਲ ਫੋਟੋ।

ਨਾਭਾ (ਵਰਿੰਦਰ ਵਰਮਾ)-ਪੰਜਾਬ ਵਿੱਚ ਹਰ ਰੋਜ਼ ਤੇਜ਼ ਰਫਤਾਰ ਵਾਹਨਾਂ ਕਾਰਨ ਕੀਮਤੀ ਜਾਨਾਂ ਮੌਤ ਦੇ ਮੂਹ ਜਾਂ ਰਹੀਆਂ ਹਨ। ਅਜਿਹਾ ਹੀ ਮਾਮਲਾ ਨਾਭਾ ਦੇ ਨੇੜਲੇ ਪਿੰਡ ਦੁਲੱਦੀ ਦਾ ਹੈ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਤੇਜ਼ ਰਫਤਾਰ ਟਰੱਕ ਨੇ ਰਾਹ ਜਾਂਦੇ 2 ਨੌਜਵਾਨਾਂ 'ਤੇ ਦਰੜ ਦਿੱਤਾ। 15 ਸਾਲਾ ਭੁਪਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ, ਨਾਲ ਦੇ ਸਾਥੀ ਮਨਵੀਰ ਸਿੰਘ ਦੇ ਗੰਭੀਰ ਸੱਟਾਂ ਲੱਗੀਆਂ ਜੋ ਕਿ ਇਲਾਜ ਲਈ ਨਾਭਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਹੈ। ਟਰੱਕ ਚਾਲਕ ਮੌਕੇ 'ਤੇ ਟਰੱਕ ਛੱਡ ਕੇ ਭੱਜ ਗਿਆ। ਨਾਭਾ ਦੇ ਨਜ਼ਦੀਕ ਪਿੰਡ ਦੁਲੱਦੀ ਵਿਖੇ ਤੇਜ਼ ਰਫਤਾਰ ਟਰੱਕ ਨਾਲ 15 ਸਾਲਾ ਨੌਜਵਾਨ ਦੀ ਮੌਤ ਮ੍ਰਿਤਕ ਨੌਜਵਾਨ ਭੁਪਿੰਦਰ ਸਿੰਘ ਨਾਭਾ ਦਾ ਰਹਿਣ ਵਾਲਾ ਸੀ, ਜੋ ਕਿ ਆਪਣੇ ਮਿੱਤਰ ਮਨਵੀਰ ਸਿੰਘ ਨੂੰ ਮਿਲਣ ਲਈ ਪਿੰਡ ਦੁਲੱਦੀ ਵਿਖੇ ਆਇਆ ਸੀ, ਦੋਨੋਂ ਮਿੱਤਰ ਫੋਟੋਸ਼ੂਟ ਕਰਾਉਣ ਲਈ ਪਟਿਆਲੇ ਜਾਣਾ ਸੀ। ਪੁਲਸ ਨੇ ਟਰੱਕ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਭਲਕੇ

ਕੋਟਕਪੂਰਾ (ਸ਼ਾਮ ਲਾਲ ਚਾਵਲਾ)-ਡਾਇਰੈਕਟਰ ਖੇਤੀਬਾੜੀ ਪੰਜਾਬ ਡਾ. ਗੁਰਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ ਆਤਮਾ ਡਾ. ਰੂਹੀ ਦੁੱਗ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਪੱਧਰ ਦਾ ਕਿਸਾਨ ਸਿਖਲਾਈ ਕੈਂਪ ਸਾਉਣੀ 2023 ਨਵੀਂ ਦਾਣਾ ਮੰਡੀ ਕੋਟਕਪੂਰਾ ਵਿਖੇ 6 ਅਪ੍ਰੈਲ 2023 ਨੂੰ ਲਗਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫਸਰ ਡਾ. ਕਰਨਜੀਤ ਸਿੰਘ ਗਿੱਲ ਨੇ ਦੱਸਿਆ ਕਿ ਸਪੀਕਰ ਪੰਜਾਬ ਵਿਧਾਨ ਸਭਾ ਸ੍ਰ. ਕੁਲਤਾਰ ਸਿੰਘ ਸੰਧਵਾਂ ਵੱਲੋਂ ਸਿਖਲਾਈ ਕੈਂਪ ਦਾ ਉਦਘਾਟਨ ਕੀਤਾ ਜਾਵੇਗਾ। ਇਸ ਕੈਂਪ ਵਿੱਚ ਵਿਧਾਇਕ ਫਰੀਦਕੋਟ ਗੁਰਦਿੱਤ ਸਿੰਘ ਸੇਖੋਂ ਤੇ ਵਿਧਾਇਕ ਜੈਤੋ ਅਮੋਲਕ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ, ਜਦਕਿ ਡਾ. ਗੁਰਵਿੰਦਰ ਸਿੰਘ ਡਾਇਰੈਕਟਰ ਖੇਤੀਬਾੜੀ ਪੰਜਾਬ ਕੈਂਪ ਦੀ ਪ੍ਰਧਾਨਗੀ ਕਰਨਗੇ।

ਸ਼ਰਾਬ ਬਰਾਮਦਗੀ ਮਾਮਲੇ 'ਚ ਦੋ ਸਾਲ ਕੈਦ ਤੇ ਦੋ ਲੱਖ ਜੁਰਮਾਨਾ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸ਼ਰਾਬ ਬਰਾਮਦਗੀ ਦੇ ਇੱਕ ਮਾਮਲੇ 'ਚ ਨਾਮਜ਼ਦ ਵਿਅਕਤੀ ਨੂੰ ਫਤਹਿਗੜ੍ਹ ਸਾਹਿਬ ਦੀ ਇੱਕ ਅਦਾਲਤ ਵੱਲੋਂ ਕੈਦ ਤੇ ਜੁਰਮਾਨੇ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਸੀ ਪਠਾਣਾਂ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਰਮਿੰਦਰ ਸਿੰਘ, ਸ਼ਿੰਗਾਰਾ ਸਿੰਘ ਤੇ ਅਮਨਦੀਪ ਸਿੰਘ ਉਰਫ ਅਮਨ ਵਾਸੀਆਨ ਬਸੀ ਪਠਾਣਾਂ ਧੂੰਦਾ ਬਾਈਪਾਸ ਨਜ਼ਦੀਕ ਸਥਿਤ ਝੁੱਗੀਆਂ ਕੋਲ ਨਜਾਇਜ਼ ਸ਼ਰਾਬ ਵੇਚ ਰਹੇ ਹਨ, ਜਿਸ 'ਤੇ ਉਪਰੋਕਤ ਤਿੰਨੋ ਵਿਅਕਤੀਆਂ ਵਿਰੁੱਧ ਮਾਮਲਾ ਦਰਜ ਕਰਵਾਉਂਦੇ ਹੋਏ ਪੁਲਸ ਪਾਰਟੀ ਨੇ ਮੌਕੇ 'ਤੇ ਛਾ

5-APRIL-PAGE-11-Majha-2023.qxd 4/4/2023 10:45 PM Page 1

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਨੇ ਡੀਸੀ/ਐੱਸਐੱਸਪੀ ਦਫਤਰ ਅੱਗੇ ਲਾਇਆ ਧਰਨਾ

ਤਰਨਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਐੱਸਐੱਸਪੀ ਤਰਨਤਾਰਨ ਤੇ ਡੀ ਸੀ ਤਰਨਤਾਰਨ ਦੇ ਦਫਤਰ ਅੱਗੇ ਧਰਨਾ ਲਾਇਆ ਗਿਆ। 2 ਘੰਟੇ ਧਰਨਾ ਦੇਣ ਤੋਂ ਬਾਅਦ ਵੀ ਨਾ ਤਾਂ ਐੱਸਐੱਸਪੀ ਦਫਤਰ ਨੇ ਬਾਤ ਪੁੱਛੀ ਤੇ ਨਾ ਹੀ ਡੀ ਸੀ ਨੇ ਕੋਈ ਗੱਲ ਗੌਲੀ। ਫਿਰ ਰੋਹ ਵਿਚ ਆਏ ਕਿਸਾਨਾਂ ਨੇ ਦੋਹਾਂ ਦਫਤਰਾਂ ਦਾ ਘਿਰਾਓ ਸ਼ੁਰੂ ਕਰ ਦਿੱਤਾ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਤੇ ਜ਼ਿਲ੍ਹਾ ਖਜਾਨਚੀ ਫਤਿਹ ਸਿੰਘ ਪਿੱਦੀ ਅਤੇ ਜਰਨੈਲ ਸਿੰਘ ਨੂਰਦੀ ਨੇ ਕਿਹਾ ਕਿ ਪਿਛਲੇ 6 ਮਹੀਨੇ ਤੋਂ ਲਹੁਕਾ ਸ਼ਰਾਬ ਫੈਕਟਰੀ ਦੇ ਆਲੇ-ਦੁਆਲੇ ਦੇ ਪਿੰਡਾਂ ਦਾ ਪੀਣ ਵਾਲਾ ਪਾਣੀ ਖਰਾਬ ਹੋ ਗਿਆ ਹੈ। ਪਹਿਲਾਂ ਫੈਕਟਰੀ ਦਾ ਗੰਦਾ ਤੇ ਪ੍ਰਦੂਸ਼ਤ ਪਾਣੀ ਟਰੈਕਟਰਾਂ ਰਾਹੀਂ ਫੈਕਟਰੀ ਤੋਂ ਬਾਹਰ ਸੜਕਾਂ ਦੇ ਕੰਢਿਆਂ ਉੱਤੇ ਸੁੰਨਸਾਨ ਥਾਵਾਂ ਤੇ ਰਾਤ ਵੇਲੇ ਰੋੜ੍ਹਿਆ ਜਾਂਦਾ ਸੀ ਤੇ ਕਈ ਵਾਰ ਪਾਣੀ ਡਰੇਨ ਵਿਚ ਪਾਇਆ ਜਾਂਦਾ ਸੀ ਪਰ ਮਾਰਚ 2022 ਤੋਂ ਬਾਅਦ ਫੈਕਟਰੀ ਵਲੋਂ ਧਰਤੀ ਹੇਠਾਂ ਬੋਰ ਕਰਕੇ ਸਿੱਧਾ ਹੀ ਗੰਦਾ ਪਾਣੀ ਬੋਰਾਂ ਵਿਚ ਪਾਉਣਾ ਸ਼ੁਰੂ ਕਰ ਦਿੱਤਾ। ਜਿਸ ਦਾ ਅਸਰ ਇਹ ਹੋਇਆ ਕਿ 200 ਫੁੱਟ ਤੱਕ ਵਾਲੇ ਸਾਰੇ ਬੋਰਾਂ ਨੇ ਜੋ ਫੈਕਟਰੀ ਤੋਂ 5 ਤੋਂ 7 ਕਿਲੋਮੀਟਰ ਦੇ ਘੇਰੇ ਵਿੱਚ ਹਨ, ਦਾ ਪਾਣੀ ਕਾਲਾ ਤੇ ਲਾਹਣ ਵਰਗਾ ਨਿਕਲਣ ਲੱਗ ਪਿਆ। ਲੋਕਾਂ ਨੂੰ ਡਰਾ ਧਮਕਾ ਕੇ ਫੈਕਟਰੀ ਮੈਨੇਜਮੈਂਟ ਵਲੋਂ ਚੁੱਪ ਕਰਵਾਉਣਾ ਸ਼ੁਰੂ ਕਰ ਦਿੱਤਾ। ਫੈਕਟਰੀ ਦੇ ਦਬਾਅ ਹੇਠ ਪਿੰਡਾਂ ਦੇ ਲੋਕਾਂ ਨੂੰ ਲਾਲਚ ਦੇ ਕੇ 500 ਫੁੱਟ ਤੱਕ ਦੇ ਬੋਰ ਕਰਾਉਣ ਤੱਕ ਦੀ ਗੱਲ ਵੀ ਕਹੀ ਜਾਣ ਲੱਗੀ, ਦਸੰਬਰ 2022 ਨੂੰ ਇਸ ਫੈਕਟਰੀ ਦੇ ਪ੍ਰਦੂਸ਼ਤ ਪਾਣੀ ਬਾਰੇ ਦੱਸਿਆ ਪਰ ਕੋਈ ਕਾਰਵਾਈ ਨਹੀਂ ਹੋਈ, ਫਿਰ 11 ਜਨਵਰੀ ਨੂੰ ਡੀ ਸੀ ਤਰਨਤਾਰਨ ਨੂੰ ਮੰਗ ਪੱਤਰ ਤੇ ਪ੍ਰਦੂਸ਼ਣ ਵਿਭਾਗ ਨੂੰ ਵੀ ਮੰਗ ਪੱਤਰ ਦਿੱਤਾ ਗਿਆ ਤੇ ਮੀਟਿੰਗ ਕਰਕੇ ਸਾਰੇ ਤੱਥਾਂ ਤੋਂ ਜਾਣੂ ਕਰਵਾਇਆ ਗਿਆ ਪਰ ਕੋਈ ਕਾਰਵਾਈ ਨਹੀਂ, ਫਿਰ 6 ਫਰਵਰੀ ਨੂੰ ਡੀ ਸੀ ਦਫਤਰ ਅੱਗੇ ਫੈਕਟਰੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਧਰਨਾ ਦਿੱਤਾ ਗਿਆ ਪਰ ਕੋਈ ਕਾਰਵਾਈ ਨਹੀਂ ਫਿਰ 23 ਫਰਵਰੀ ਨੂੰ ਪ੍ਰਦੂਸ਼ਣ ਵਿਭਾਗ ਅੰਮ੍ਰਿਤਸਰ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ ਤਾਂ ਵਿਭਾਗ ਦੀ ਟੀਮ 16 ਮਾਰਚ ਨੂੰ ਸੈਂਪਲ ਲੈਣ ਆਈ, ਪਰ ਜਿਸ ਨਲਕੇ ਦਾ ਸੈਂਪਲ ਟੀਮ ਨੂੰ ਪਿੰਡ ਨੰਦਪੁਰ ਤੋਂ ਲੈਣਾ ਸੀ ਉਸ ਨੂੰ ਇਕ ਦਿਨ ਪਹਿਲਾਂ ਹੀ ਫੈਕਟਰੀ ਮਾਲਕਾਂ ਵਲੋਂ ਜਬਰੀ ਪੁਟਵਾ ਦਿੱਤਾ ਗਿਆ। ਆਗੂਆਂ ਮੰਗ ਕੀਤੀ ਕਿ ਇਸ ਫੈਕਟਰੀ ਮਾਲਕ 'ਤੇ ਸਖਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਜਾਵੇ।

ਖਰਾਬ ਹੋਈਆਂ ਫਸਲਾਂ ਦੀ ਕੋਈ ਗਿਰਦਾਵਰੀ ਨਹੀਂ ਕਰਵਾਈ ਗਈ। ਮਾਨ ਸਰਕਾਰ ਤੇ ਅਫਸਰਸ਼ਾਹੀ ਕਿਸਾਨਾਂ ਦਾ ਸ਼ੋਸ਼ਣ ਕਰ ਰਹੀ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਮਾਨ ਸਰਕਾਰ ਕਣਕ ਦੀ ਫਸਲ ਦਾ 50000 ਪ੍ਰਤੀ ਏਕੜ ਮੁਆਵਜ਼ਾ ਦੇਵੇ ਤੇ ਹੋਰ ਫਸਲਾਂ ਦੀ ਗਿਰਦਾਵਰੀ ਕਰਵਾ ਕੇ ਬਣਦਾ ਮੁਆਵਜ਼ਾ ਦੇਵੇ। ਇਸ ਮੌਕੇ ਸੁਖਵਿੰਦਰ ਸਿੰਘ ਦੁਗਲਵਾਲਾ, ਮੇਹਰ ਸਿੰਘ ਤਲਵੰਡੀ, ਕੁਲਵੰਤ ਸਿੰਘ ਢੋਟੀਆਂ, ਗੁਰਜੀਤ ਸਿੰਘ ਗੰਡੀਵਿੰਡ, ਹਰਪਿੰਦਰ ਸਿੰਘ ਕੰਗ, ਨਿਰੰਜਣ ਸਿੰਘ ਬਗਰਾੜੀ, ਸਲਵਿੰਦਰ ਸਿੰਘ ਜੀਉਬਾਲਾ, ਕੁਲਵੰਤ ਸਿੰਘ ਭੈਲ ਰੂਪ ਸਿੰਘ ਸੈਦੋ, ਰੇਸਮ ਸਿੰਘ ਘੁਰਕਵਿੰਡ ਸਵਿੰਦਰ ਸਿੰਘ ਡਾਲੇਕੇ, ਮਨਜਿੰਦਰ ਸਿੰਘ ਗੋਹਲਵੜ,ਪਾਖਰ ਸਿੰਘ ਲਾਲਪੁਰ, ਬਲਵਿੰਦਰ ਸਿੰਘ ਚੋਹਲਾ ਸਾਹਿਬ, ਮੁਖਤਾਰ ਸਿੰਘ ਬਿਹਾਰੀਪੁਰ ਕੁਲਵਿੰਦਰ ਸਿੰਘ ਕੈਰੋਵਾਲ, ਅਜੀਤ ਸਿੰਘ ਚੰਬਾ, ਦਿਲਬਾਗ ਸਿੰਘ ਪਹੁਵਿੰਡ ਆਦਿ ਹਾਜ਼ਰ ਸਨ।

ਮੱਲ੍ਹੀਆਂ ਸਕੂਲ 'ਚ ਵੱਖ-ਵੱਖ ਵਿਸ਼ਿਆਂ 'ਤੇ ਸੈਮੀਨਾਰ

ਟਾਂਗਰਾ (ਲਾਡੀ ਮੱਲ੍ਹੀ) ਨਿਹੰਗ ਜਥੇਬੰਦੀ ਤਰਨਾ ਦਲ ਦੀ ਚੱਲ ਰਹੀ ਸੀਬੀਐੱਸਈ ਸੰਸਥਾ ਸ੍ਰੀ ਗੁਰੂ ਹਰਿਗੋਬਿੰਦ ਪਬਲਿਕ ਸਕੂਲ ਮੱਲ੍ਹੀਆਂ ਵਿਖੇ ਅਧਿਆਪਕਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਤਰਨਾ ਦਲ ਦੇ ਪੰਦਰਵੇਂ ਮੁਖੀ ਬਾਬਾ ਗੱਜਣ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਸੋਲ੍ਹਵੇਂ ਮੁਖੀ ਬਾਬਾ ਜੋਗਾ ਸਿੰਘ ਪਹੁੰਚੇ। ਦਿਲ ਤੇ ਲੀਵਰ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਅਰਵਿੰਦ ਸ਼ਰਮਾ ਐੱਮਡੀ ਮੈਡੀਸਨ ਅੰਮ੍ਰਿਤਸਰ, ਆਕਸਫੋਰਡ ਯੂਨੀਵਰਸਿਟੀ ਦਿੱਲੀ ਤੋਂ ਅਧਿਆਪਕ ਸੈਮੀਨਾਰ ਲਈ, ਟ੍ਰੈਫਿਕ ਐਜੂਕੇਸ਼ਨ ਸੈਲ ਦੇ ਇੰਚਾਰਜ ਇੰਦਰਮੋਹਨ, ਹੌਲਦਾਰ। ਇਸ ਮੌਕੇ ਡਾਕਟਰ ਅਰਵਿੰਦ ਸ਼ਰਮਾ ਨੇ ਹੋਣ ਵਾਲੀਆਂ ਦਿਲ ਦੀਆਂ ਬਿਮਾਰੀਆਂ ਤੇ ਉਨ੍ਹਾਂ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਫਾਸਟ ਫੂਡ ਖਾਣ ਤੋਂ ਵੱਧ ਤੋਂ ਵੱਧ ਪਰਹੇਜ਼ ਕਰੋ ਰਾਤ ਨੂੰ ਸੌਣ ਤੋਂ ਦੋ ਘੰਟੇ ਪਹਿਲਾਂ ਰੋਟੀ ਖਾ ਲਵੋ ਆਦਿ ਹੋਰ ਵੀ ਜਾਣਕਾਰੀ ਦਿੱਤੀ। ਇਸ ਦੇ ਨਾਲ ਹੀ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਇੰਦਰਮੋਹਨ ਨੇ ਟ੍ਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦਿੰਦਿਆਂ ਕਿਹਾ ਕਿ ਬਿਨਾਂ ਹੈਲਮਟ ਦੋ ਪਹੀਆ ਵਾਹਨ ਦੀ ਵਰਤੋਂ ਨਾ ਕਰੋ ਅਠਾਰ੍ਹਾਂ ਸਾਲ ਦੀ ਉਮਰ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕੋਈ ਵਾਹਨ ਨਾ ਚਲਾਉਣ ਦਿਓ। ਸੀਟ ਬੈਲਟ ਦੀ ਵਰਤੋਂ ਕਰੋ। ਨਸ਼ਾ ਕਰਕੇ ਕੋਈ ਵੀ ਵਾਹਨ ਨਾ ਚਲਾਓ ਆਦਿ ਹੋਰ ਜਾਣਕਾਰੀ ਦਿੱਤੀ।

ਸਕੂਲ ਦੇ ਪ੍ਰਿੰਸੀਪਲ ਪਲਵਿੰਦਰ ਪਾਲ ਸਿੰਘ ਨੇ ਕਿਹਾ ਕਿ ਅਸੀਂ ਬੱਚਿਆਂ ਦੀ ਉਚੇਰੀ ਸਿੱਖਿਆ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰ ਰਹੇ ਹਾਂ ਤਾਂ ਜੋ ਬੱਚੇ ਚੰਗੀ ਵਿੱਦਿਆ ਪ੍ਰਾਪਤ ਕਰਕੇ ਚੰਗੇ ਆਉਂਦਿਆਂ ਤੇ ਪਹੁੰਚ ਸਕਣ। ਇਸ ਮੌਕੇ ਪ੍ਰੈਸ ਵੈਲਫੇਅਰ ਕਲੱਬ ਜੰਡਿਆਲਾ ਗੁਰੂ ਤੋਂ ਪ੍ਰਧਾਨ ਪਰਮਿੰਦਰ ਜੋਸਨ ਅਸਵਨੀ ਸ਼ਰਮਾ, ਜਸਪਾਲ ਸ਼ਰਮਾ, ਦਿਆਲ ਅਰੋੜਾ ਸੁਰਿੰਦਰਪਾਲ, ਲਵਲੀ ਸਰ, ਇੰਦਰਪਾਲ ਸਿੰਘ, ਰਣਜੋਧ ਸਿੰਘ ਪੀਜੀ ਬੁੱਕ ਡਿਪੂ ਆਦਿ ਆਏ ਹੋਏ ਸਾਰੇ ਮਹਿਮਾਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

ਪ੍ਰਵਾਸੀ ਸ਼ਾਇਰਾ ਰਮਿੰਦਰ ਕੌਰ ਖਿਆਲਾ ਦੀ ਕਿਤਾਬ 'ਜਜ਼ਬਾਤ' ਦਾ ਲੋਕ ਅਰਪਣ ਅੱਜ

ਫਤਿਹਗੜ੍ਹ ਚੂੜੀਆਂ (ਪ੍ਰੀਤਮ ਸਿੰਘ)—ਰਾਬਤਾ ਮੁਕਾਲਮਾ ਕਾਵਿ ਮੰਚ ਅਤੇ ਜਨਵਾਦੀ ਲੇਖਕ ਸੰਘ ਦੇ ਸਹਿਯੋਗ ਨਾਲ ਜਸਪਲਾ ਸਿੰਘ ਹੰਜਰਾਅ ਸਾਹਿਤਕ ਮੰਚ ਫਤਿਹਗੜ੍ਹ ਚੂੜੀਆਂ ਵੱਲੋਂ ਲੇਖਕ ਤੇ ਪੱਤਰਕਾਰ ਹਰਪਾਲ ਸਿੰਘ ਨਾਗਰਾ ਦੀ ਬੇਟੀ ਅਸਟ੍ਰੇਲੀਆ ਵਾਸੀ ਰਮਿੰਦਰ ਕੌਰ ਖਿਆਲਾ ਦੀ ਕਾਵਿ ਕਿਤਾਬ ਜਜ਼ਬਾਤ ਦਾ ਲੋਕ ਅਰਪਣ ਸਮਾਗਮ ਭਾਈ ਵੀਰ ਸਿੰਘ ਨਿਵਾਸ ਅਸਥਾਨ, ਅੰਮ੍ਰਿਤਸਰ ਵਿਖੇ ਮਿਤੀ 5 ਅਪ੍ਰੈਲ ਨੂੰ ਸਵੇਰੇ 10 ਵਜੇ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਪੰਜਾਬ ਭਰ ਤੋਂ ਅਤੇ ਵਿਦੇਸ਼ਾਂ ਤੋਂ ਸਾਹਿਤਕ ਹਸਤੀਆਂ ਸ਼ਾਮਿਲ ਹੋ ਰਹੀਆਂ ਹਨ। ਕਿਤਾਬ ਤੇ ਆਲੋਚਨਾਤਮਕ ਪਰਚਾ ਡਾ. ਸੁਵਿੰਦਰ ਸਿੰਘ ਅਤੇ ਡਾ. ਹੀਰਾ ਸਿੰਘ ਪੜ੍ਹਨਗੇ ਅਤੇ ਵਿਚਾਰ ਚਰਚਾ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ, ਮਲਵਿੰਦਰ, ਸੁੱਚਾ ਸਿੰਘ ਰੰਧਾਵਾ, ਰਾਜਪਾਲ ਬਾਠ ਅਤੇ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਬੰਧਕੀ ਬੋਰਡ ਦੇ ਮੈਂਬਰ ਰੋਜ਼ੀ ਸਿੰਘ ਵਿਸ਼ੇਸ਼ ਤੌਰ ਤੇ ਹਿੱਸਾ ਲੈਣਗੇ। ਇਸ ਤੋਂ ਇਲਾਵਾ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਡਾ. ਸੰਦੀਪ ਭਗਤ ਅਸਟ੍ਰੇਲੀਆ ਦਾ ਸਨਮਾਨ ਵੀ ਕੀਤਾ ਜਾਵੇਗਾ। ਸਮਾਗਮ ਵਿੱਚ ਮਨਪ੍ਰੀਤ ਸੰਧੂ, ਚੇਅਰਮੈਨ ਕਸ਼ਮੀਰ ਸਿੰਘ ਖਿਆਲਾ, ਅਮਨਦੀਪ ਸਿੰਘ ਅਸਟ੍ਰੇਲੀਆ ਦੀ ਆਮਦ ਵੀ ਅਹਿਮ ਹੋਵੇਗੀ।

ਇਸ ਸਮਾਗਮ ਲਈ ਵਿਸ਼ੇਸ਼ ਸਹਿਯੋਗ ਸਾਹਿਤਕ ਵਿਚਾਰ ਮੰਚ ਤੇ ਸਾਹਿਤ ਸਭਾ ਫਤਿਹਗੜ੍ਹ ਚੂੜੀਆਂ ਵੱਲੋਂ ਕੀਤਾ ਗਿਆ ਹੈ। ਗੌਰਤਲਬ ਹੈ ਕਿ ਪ੍ਰਵਾਸੀ ਕਵਿਤਰੀ ਰਮਿੰਦਰ ਕੌਰ ਖਿਆਲਾ ਅਸਟ੍ਰੇਲੀਆ ਵਿੱਚ ਨਰਸਿੰਗ ਦੀ ਸੇਵਾ ਨਿਭਾਉਣ ਦੇ ਨਾਲ-ਨਾਲ ਪੰਜਾਬੀ ਮਾਂ ਬੋਲੀ ਦੀ ਸੇਵਾ ਵੀ ਕਰ ਰਹੇ ਹਨ ਅਤੇ ਜਜ਼ਬਾਤ ਉਨ੍ਹਾਂ ਦੀ ਪਲੇਠੀ ਕਵਿ ਕਿਤਾਬ ਹੈ ਜਿਸ ਦੀ ਸਹਿਤਕ ਹਲਕਿਆਂ ਵਿੱਚ ਕਾਫੀ ਚਰਚਾ ਹੈ।

ਪਿੰਡ ਖੁਜਾਲਾ 'ਚ ਭਰਿਆ ਭਾਰਤ ਕੇਸਰੀ ਕੁਸ਼ਤੀ ਦੰਗਲ

ਪੰਜਾਬ ਸਮੇਤ ਦਿੱਲੀ ਤੇ ਹਰਿਆਣਾ ਦੇ ਪ੍ਰਸਿੱਧ ਪਹਿਲਵਾਨਾਂ ਨੇ ਦਿਖਾਏ ਜੌਹਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਵਿਧਾਨ ਸਭਾ ਹਲਕਾ ਜੰਡਿਆਲਾ ਗੁਰੂ ਅਤੇ ਬਲਾਕ ਤਰਸਿੱਕਾ ਦੇ ਪਿੰਡ ਖੁਜਾਲਾ ਵਿਖੇ ਸਾਬਕਾ ਸਰਪੰਚ ਪਲਵਿੰਦਰ ਸਿੰਘ ਖੁਜਾਲਾ ਦੀ ਅਗਵਾਈ ਹੇਠ ਐਨ. ਆਰ. ਆਈਜ਼ ਅਤੇ ਸਮੁੱਚੀ ਪੰਚਾਇਤ ਵੱਲੋਂ ਸ੍ਰੀ ਗੁਰੂ ਹਰਿਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਦੀ ਗਰਾਊਂਡ ਵਿੱਚ ਭਾਰਤ ਕੇਸਰੀ ਕੁਸ਼ਤੀ ਦੰਗਲ ਕਰਵਾਇਆ ਗਿਆ, ਜਿਸ ਵਿੱਚ ਮੈਂਬਰ ਪਾਰਲੀਮੈਂਟ ਅੰਮ੍ਰਿਤਸਰ ਗੁਰਜੀਤ ਸਿੰਘ ਔਜਲਾ, ਸਾਬਕਾ ਵਿਧਾਇਕ ਜੰਡਿਆਲਾ ਗੁਰੂ ਸੁਖਵਿੰਦਰ ਸਿੰਘ ਡੈਨੀ, ਪਦਮਸ਼੍ਰੀ ਪਹਿਲਵਾਨ ਕਰਤਾਰ ਸਿੰਘ ਆਈ. ਪੀ. ਐੱਸ. ਪ੍ਰਧਾਨ ਰੈਸਲਿੰਗ ਫੈਡਰੇਸ਼ਨ, ਅਰਜੁਨ ਐਵਾਰਡੀ ਖੁਸ਼ਬੀਰ ਕੌਰ ਡੀਐੱਸਪੀ ਪੰਜਾਬ ਪੁਲਸ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਜਿਨ੍ਹਾਂ ਨੇ ਇਸ ਉਪਰਾਲੇ ਲਈ ਪਲਵਿੰਦਰ ਸਿੰਘ ਖੁਜਾਲਾ ਅਤੇ ਹੋਰ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਲੋੜ ਹੈ ਸਾਨੂੰ ਅਜਿਹੇ ਖੇਡ ਮੇਲੇ ਕਰਾਉਣ ਦੀ ਤਾਂ ਜੋ ਇਨਾਂ ਮੇਲਿਆਂ ਤੋਂ ਪ੍ਰੇਰਣਾ ਲੈ ਕੇ ਭੁੱਲੇ ਭਟਕੇ ਨੌਜੁਆਨ ਜੋ ਨਸ਼ਿਆਂ ਦੇ ਆਦੀ ਹੁੰਦੇ ਜਾ ਰਹੇ ਹਨ, ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਵਿੱਚ ਆ ਸਕਣ। ਇਸ ਕੁਸ਼ਤੀ ਦੰਗਲ ਵਿੱਚ ਪੰਜਾਬ, ਦਿੱਲੀ ਅਤੇ ਹਰਿਆਣਾ ਦੇ ਪ੍ਰਸਿੱਧ ਪਹਿਲਵਾਨਾਂ ਨੇ ਹਿੱਸਾ ਲਿਆ। ਇਸ ਕੁਸਤੀ ਦੰਗਲ ਵਿੱਚ ਪਹਿਲਵਾਨ ਗੁਰਉਦੇਸ਼ ਸਿੰਘ ਤਰਨਤਾਰਨ, ਜਸਪੂਰਨ ਸਿੰਘ ਮੁੱਲਾਂਪੁਰ, ਸੁਮਿਤ ਦਿੱਲੀ ਅਤੇ ਆਕਾਸ਼ ਮਿਰਚਪੁਰ ਨੇ ਜਿੱਤ ਪ੍ਰਾਪਤ ਕੀਤੀ ਜਿਨ੍ਹਾਂ ਦੇ ਸੈਮੀਫਾਈਅਲ ਤੇ ਫਾਈਨਲ ਜ਼ੀਰਕਪੁਰ ਸਟੇਡੀਅਮ (ਮੁਹਾਲੀ) ਵਿਖੇ ਹੋਵੇਗਾ। ਆਏ ਹੋਏ ਮਹਿਮਾਨਾਂ ਅਤੇ ਖਿਡਾਰੀਆਂ ਨੂੰ ਜੀ ਆਇਆਂ ਸਾਬਕਾ ਸਰਪੰਚ ਪਲਵਿੰਦਰ ਸਿੰਘ ਨੇ ਕਿਹਾ ਅਤੇ ਹੋਰ ਪ੍ਰਬੰਧਕਾਂ ਨੂੰ ਨਾਲ ਲੈ ਕੇ ਸਨਮਾਨਿਤ ਵੀ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਬਾਬਾ ਸੱਜਣ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ, ਐਡਵੋਕੇਟ ਭਗਵੰਤ ਸਿੰਘ ਸਿਆਲਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡਾ: ਇੰਦਰਜੀਤ ਸਿੰਘ ਗੁਮਟਾਲਾ ਡਾਇਰੈਕਟਰ ਸ੍ਰੀ ਗੁਰੂ ਹਰਿਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਖੁਜਾਲਾ, ਡੀਐੱਸਪੀ ਭੁਪਿੰਦਰ ਸਿੰਘ, ਹਰਭਿੰਦਰ ਸਿੰਘ ਸਾਬਕਾ ਸਰਪੰਚ ਖੁਜਾਲਾ, ਜਥੇਦਾਰ ਗੁਰਮੇਜ ਸਿੰਘ, ਜਸਪਾਲ ਸਿੰਘ ਸੈਦੋਲੇਹਲ, ਮਨਿੰਦਰ ਸਿੰਘ ਮੱਤੇਵਾਲ, ਸਰਪੰਚ ਸਵਿੰਦਰ ਸਿੰਘ ਚੁਗਾਵਾਂ, ਸਰਪੰਚ ਸਰਪ੍ਰੀਤ ਸਿੰਘ ਢੱਪਈਆਂ, ਰਸ਼ਪਾਲ ਸਿੰਘ ਕੌਂਸਲਰ, ਪਰਮਜੀਤ ਸਿੰਘ ਗੋਲਡੀ ਤੰਨੇਲ, ਮਲਕੀਤ ਸਿੰਘ ਸਰਜਾ, ਸਿਸਪਾਲ ਸਿੰਘ ਲਾਡੀ ਤਲਵੰਡੀ, ਜਰਮਨਜੀਤ ਸਿੰਘ ਆਸਟ੍ਰੇਲੀਆ, ਧਰਮਵੀਰ ਸਿੰਘ ਅਸਟਰੀਆ, ਮੇਵਾ ਸਿੰਘ ਮੈਂਬਰ, ਮਨਦੀਪ ਸਿੰਘ ਮੈਂਬਰ, ਜਸਵੰਤ ਸਿੰਘ ਮੈਂਬਰ, ਬਲਵਿੰਦਰ ਸਿੰਘ ਖੁਜਾਲਾ ਆਦਿ ਹਾਜ਼ਰ ਸਨ।

ਕੁਲਦੀਪ ਸਿੰਘ ਕਾਹਲੋਂ ਸਰਬਸੰਮਤੀ ਨਾਲ ਚੇਅਰਮੈਨ ਬਣੇ

ਮਜੀਠਾ (ਸੋਇਮ ਆਨੰਦ)-ਪੰਜਾਬ ਮਾਰਕੀਟ ਕਮੇਟੀ ਕਰਮਚਾਰੀ ਯੂਨੀਅਨ ਦੇ ਸੱਦੇ 'ਤੇ ਪੰਜਾਬ ਰਾਜ ਦੀਆਂ ਸਮੂਹ ਮਾਰਕੀਟ ਕਮੇਟੀਆਂ ਦੇ ਕਰਮਚਾਰੀਆਂ ਦੀ ਇੱਕ ਹੰਗਾਮੀ ਮੀਟਿੰਗ ਰੱਖੀ ਗਈ ਸੀ ਜਿਸ ਵਿਚ ਹਾਜ਼ਰ ਕਰਮਚਾਰੀਆਂ ਵੱਲੋਂ ਸਰਬਸੰਮਤੀ ਨਾਲ ਯੂਨੀਅਨ ਦੀ ਮਜ਼ਬੂਤੀ ਲਈ ਸੂਬਾ ਕਮੇਟੀ ਦਾ ਪੁਨਰਗਠਨ ਕਰਕੇ ਵਿਸਥਾਰ ਕੀਤਾ ਜਿਸ ਦੀ 21 ਮੈਂਬਰੀ ਕਮੇਟੀ ਦੀ ਚੋਣ ਹੋਈ ਜਿਸ ਵਿੱਚ ਮਾਰਕਿਟ ਕਮੇਟੀ ਮਜੀਠਾ ਦੇ ਸੀਨੀਅਰ ਆਗੂ ਤੇ ਮੁੱਖ ਬੁਲਾਰੇ ਕੁਲਦੀਪ ਸਿੰਘ ਕਾਹਲੋਂ ਮਜੀਠਾ ਨੂੰ ਸਰਬਸੰਮਤੀ ਨਾਲ ਪੰਜਾਬ ਮਾਰਕੀਟ ਕਮੇਟੀ ਕਰਮਚਾਰੀ ਯੂਨੀਅਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਮੀਟਿੰਗ ਵਿੱਚ ਵੱਖ ਵੱਖ ਮਾਰਕਿਟ ਕਮੇਟੀਆਂ ਤੋਂ ਆਏ ਮੁਲਾਜ਼ਮ ਸਾਥੀਆਂ ਦੀ ਹਾਜ਼ਰੀ ਵਿੱਚ ਵੱਖ-ਵੱਖ ਬੁਲਾਰਿਆਂ ਵੱਲੋਂ ਆਪਣੇ ਆਪਣੇ ਵਿਚਾਰ ਅਤੇ ਸੁਝਾਅ ਦਿੱਤੇ ਗਏ ਅਤੇ ਚਿਰੋਕਣੀਆਂ ਮੰਗਾਂ 'ਤੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਹਾਜ਼ਰ ਸਮੂਹ ਕਰਮਚਾਰੀਆਂ ਵੱਲੋਂ ਪੰਜਾਬ ਮੰਡੀ ਬੋਰਡ ਦੇ ਅੜੀਅਲ ਰਵੱਈਏ ਪ੍ਰਤ

5-April-PAGE- 12.qxd 4/4/2023 10:48 PM Page 1

ਸਫੈਦੇ 'ਚ ਕਾਰ ਵੱਜਣ ਨਾਲ 2 ਨੌਜਵਾਨਾਂ ਦੀ ਮੌਤ

ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ): ਸੁਲਤਾਨਪੁਰ ਲੋਧੀ ਤੋਂ ਥੋੜ੍ਹੀ ਦੂਰ ਤਾਸਪੁਰ ਡਡਵਿੰਡੀ ਰੋਡ 'ਤੇ ਤਾਸ ਪੁਰ ਮੋੜ ਨੇੜੇ ਇੱਕ ਤੇਜ ਰਫਤਾਰ ਸਵਿਫਟ ਕਾਰ ਸੜਕ ਕਿਨਾਰੇ ਲੱਗੇ ਸਫੈਦੇ ਨਾਲ ਟਕਰਾ ਗਈ ਅਤੇ ਕਾਰ 'ਚ ਸਵਾਰ 2 ਵਿਅਕਤੀਆਂ ਦੀ ਮੌਕੇ ਤੇ ਹੀ ਮੌਤ ਹੋ ਗਈ, ਜਿਨ੍ਹਾਂ ਦੀ ਪਹਿਚਾਣ ਜੋਗਾ ਸਿੰਘ ਪੁੱਤਰ ਚਰਨ ਸਿੰਘ ਵਾਸੀ ਪੱਤੀ ਸਾਲਾ ਨਗਰ ਮਲਸੀਆਂ (ਜਲੰਧਰ), ਰਘਬੀਰ ਸਿੰਘ ਪੁੱਤਰ ਮਨਜੀਤ ਸਿੰਘ ਪੱਤੀ ਅਕਲਪੁਰ ਮਲਸੀਆਂ (ਜਲੰਧਰ) ਵਜੋਂ ਹੋਈ ਹੈ। ਘਟਨਾ ਸਥਾਨ ਤੇ ਪੁੱਜੇ ਸੁਰਜੀਤ ਸਿੰਘ ਪੁੱਤਰ ਹਰਬੰਸ ਸਿੰਘ ਵਾਸੀ ਮਲਸੀਆਂ ਨੇ ਦੱਸਿਆ ਕਿ ਉਨ੍ਹਾਂ ਦਾ ਭਤੀਜਾ ਜੋਗਾ ਸਿੰਘ ਪੁੱਤਰ ਚਰਨ ਸਿੰਘ ਅਤੇ ਇੱਕ ਉਨ੍ਹਾਂ ਦੇ ਪਿੰਡ ਦਾ ਵਸਨੀਕ ਰਘਬੀਰ ਸਿੰਘ ਪੁੱਤਰ ਮਨਜੀਤ ਸਿੰਘ ਤੜਕੇ 4 ਵਜੇ ਦੇ ਕਰੀਬ ਆਪਣੀ ਸਵਿਫਟ ਕਾਰ ਨੰਬਰ ਪੀ ਬੀ 05 ਏ ਕਿਉ 2254 'ਤੇ ਸਵਾਰ ਹੋ ਕੇ ਕਪੂਰਥਲਾ ਵਾਲੇ ਪਾਸਿਓਂ ਮਲਸੀਆਂ ਨੂੰ ਆ ਰਹੇ ਸਨ। ਉਨ੍ਹਾਂ ਦੱਸਿਆ ਕਿ ਜਿਉਂ ਹੀ ਉਹ ਡਡਵਿੰਡੀ ਰੋਡ 'ਤੇ ਤਾਸ ਪੁਰ ਮੋੜ ਨੇੜੇ ਪੁੱਜੇ ਤਾਂ ਉਨ੍ਹਾਂ ਦੀ ਗੱਡੀ ਸੜਕ ਕਿਨਾਰੇ ਲੱਗੇ ਸਫੈਦੇ ਦੇ ਦਰੱਖਤ ਨਾਲ ਟਕਰਾ ਗਈ। ਉਨ੍ਹਾਂ ਸ਼ੱਕ ਜਾਹਿਰ ਕੀਤਾ ਕਿ ਸ਼ਾਇਦ ਡਰਾਈਵਰ ਨੂੰ ਨੀਂਦ ਆਉਣ ਕਾਰਨ ਗੱਡੀ ਦਾ ਸੰਤੁਲਨ ਵਿਗੜ ਗਿਆ ਅਤੇ ਗੱਡੀ ਦਰੱਖਤ ਨਾਲ ਟਕਰਾ ਗਈ। ਉਨ੍ਹਾਂ ਦੱਸਿਆ ਕਿ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਕਟਰ ਦੀ ਮਦਦ ਨਾਲ ਕਾਰ ਨੂੰ ਕੱਟ ਕੇ ਲਾਸ਼ਾਂ ਨੂੰ ਕੱਢਣਾ ਪਿਆ। ਦੂਜੇ ਪਾਸੇ ਸੂਚਨਾ ਮਿਲਦੇ ਸਰ ਹੀ ਡੱਲਾ ਚੌਕੀ ਦੀ ਪੁਲਸ ਮੌਕੇ ਤੇ ਪੁੱਜ ਗਈ ਅਤੇ ਲਾਸ਼ਾਂ ਨੂੰ ਕਬਜੇ ਵਿੱਚ ਲੈ ਕੇ ਅਗਲੀ ਕਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

ਮੀਂਹ ਕਾਰਨ ਕਿਸਾਨਾਂ ਦੀਆਂ ਖਰਾਬ ਹੋਈਆਂ ਫਸਲਾਂ ਦਾ ਪੂਰਾ ਮੁਆਵਜ਼ਾ ਦੇਵੇ ਸਰਕਾਰ-ਸਾਦੀਪੁਰ

ਫਿਲੌਰ (ਬੀ ਐਸ ਕੈਨੈਡੀ) ਪਿਛਲੇ ਕਈ ਦਿਨਾਂ ਤੋਂ ਪੈ ਰਹੀ ਬਰਸਾਤ ਕਾਰਨ ਪੰਜਾਬ 'ਚ ਕਿਸਾਨਾਂ ਦੀਆਂ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਕਣਕ ਦੀ ਸਾਰੀ ਫਸਲ ਤਬਾਹ ਹੋ ਗਈ ਹੈ। ਮੁੱਖ ਮੰਤਰੀ ਸਿਰਫ 15 ਹਜਾਰ ਰੁਪਏ ਪੁਤੀ ਏਕੜ ਦਾ ਨਿਗੂਣਾ ਮੁਆਵਜਾ ਦੇਣ ਦਾ ਐਲਾਨ ਕਰਕੇ ਆਪਣੀ ਜੁੰਮੇਵਾਰੀ ਤੋਂ ਮੁਕਤ ਹੋ ਗਏ ਹਨ। ਬਹਾਦਰ ਸਿੰਘ ਸਾਦੀਪੁਰ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ। ਕਿਸਾਨਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲੈ ਕੈ ਉਨਾ ਨੂੰ ਪੂਰਾ ਮੁਆਵਜਾ ਦੇਣਾ ਚਾਹੀਦਾ ਹੈ । ਠੇਕੇ 'ਤੇ ਜਮੀਨ ਲੈ ਕੈ ਵਾਹੀ ਕਰਨ ਵਾਲੇ ਕਿਸਾਨਾਂ ਨੂੰ ਵੀ ਮੁਆਵਜਾ ਮਿਲਣਾ ਚਾਹੀਦਾ ਹੈ ਤਾਂ ਜੋ ਆਪਣਾ ਗੁਜਾਰਾ ਕਰ ਸਕਣ।

ਇਸ ਦੇ ਨਾਲ ਹੀ ਜਿੰਨਾ ਲੋਕਾਂ ਦੇ ਮੀਂਹ ਕਾਰਨ ਕੱਚੇ ਮਕਾਨ ਡਿਗ ਗਏ ਹਨ ਜਾਂ ਉਨ੍ਹਾਂ ਦੇ ਪਸ਼ੂਆਂ ਦਾ ਨੁਕਸਾਨ ਹੋਇਆ ਹੈ ਸਰਕਾਰ ਉਨ੍ਹਾਂ ਨੂੰ ਵੀ ਮੁਆਵਜਾ ਦੇਵੇ।

ਪੰਜਾਬ ਸਰਕਾਰ ਨੂੰ ਮਾਰਚ ਮਹੀਨੇ 'ਚ ਜਾਇਦਾਦ ਦੀਆਂ ਰਜਿਸਟਰੀਆਂ ਤੋਂ ਰਿਕਾਰਡ ਆਮਦਨ : ਜਿੰਪਾ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਪੱਖੀ ਨੀਤੀਆਂ ਕਰ ਕੇ ਸੂਬੇ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਮਾਰਚ ਮਹੀਨੇ ਦੌਰਾਨ ਰਿਕਾਰਡ ਆਮਦਨ ਦਰਜ ਕੀਤੀ ਗਈ ਹੈ। ਸਾਲ 2022 ਦੇ ਮਾਰਚ ਮਹੀਨੇ ਦੇ ਮੁਕਾਬਲੇ ਮਾਰਚ 2023 'ਚ ਰਿਕਾਰਡ 78 ਫੀਸਦੀ ਆਮਦਨ ਦਾ ਵਾਧਾ ਹੋਇਆ ਹੈ। ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇੱਕ ਮਾਰਚ ਤੋਂ 31 ਮਾਰਚ 2023 ਤੱਕ ਸਟੈਂਪ ਡਿਊਟੀ ਅਤੇ ਫੀਸ 'ਚ ਕੁੱਲ 2.25 ਫੀਸਦੀ ਦੀ ਕਟੌਤੀ ਕੀਤੀ ਗਈ ਸੀ। ਮੁੱਖ ਮੰਤਰੀ ਦੇ ਇਸ ਫੈਸਲੇ ਸਦਕਾ ਪੂਰੇ ਸੂਬੇ ਵਿਚ ਲੋਕਾਂ ਨੇ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਕਰਵਾਉਣ 'ਚ ਬਹੁਤ ਦਿਲਚਸਪੀ ਵਿਖਾਈ। ਜਿੰਪਾ ਨੇ ਦੱਸਿਆ ਕਿ ਮਾਰਚ ਮਹੀਨੇ 'ਚ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖਜ਼ਾਨੇ 'ਚ 658.69 ਕਰੋੜ ਰੁਪਏ ਆਏ ਹਨ ਜਦਕਿ ਮਾਰਚ 2022 'ਚ ਇਹ ਆਮਦਨ 369.61 ਕਰੋੜ ਰੁਪਏ ਸੀ। ਪਿਛਲੇ ਸਾਲ ਦੇ ਮੁਕਾਬਲੇ ਇਹ ਆਮਦਨ 78 ਫੀਸਦੀ ਜ਼ਿਆਦਾ ਬਣਦੀ ਹੈ। ਉਨ੍ਹਾ ਦੱਸਿਆ ਕਿ ਅਪ੍ਰੈਲ 2022 ਤੋਂ ਲੈ ਕੇ ਫਰਵਰੀ 2023 ਤੱਕ ਦੇ 11 ਮਹੀਨਿਆਂ ਦੌਰਾਨ ਸਰਕਾਰੀ ਖਜ਼ਾਨੇ 'ਚ ਔਸਤਨ 308 ਕਰੋੜ ਰੁਪਏ ਪ੍ਰਤੀ ਮਹੀਨਾ ਦੀ ਆਮਦਨ ਆਉਂਦੀ ਰਹੀ ਹੈ ਜਦਕਿ ਸਿਰਫ ਇੱਕ ਮਹੀਨੇ ਦੌਰਾਨ ਯਾਨੀ ਮਾਰਚ 2023 'ਚ ਇਹ ਆਮਦਨ ਦੁੱਗਣੀ ਤੋਂ ਵੀ ਜ਼ਿਆਦਾ ਰਹੀ। ਮਾਲ ਮੰਤਰੀ ਨੇ ਕਿਹਾ ਕਿ ਅਪ੍ਰੈਲ 2023 ਦੌਰਾਨ ਵੀ ਪੰਜਾਬ ਦੇ ਖਜ਼ਾਨੇ 'ਚ ਪਿਛਲੇ ਮਹੀਨਿਆਂ ਨਾਲੋਂ ਜ਼ਿਆਦਾ ਆਮਦਨ ਆਉਣ ਦੀ ਸੰਭਾਵਨਾ ਹੈ ਕਿਉਂ ਕਿ ਸਟੈਂਪ ਡਿਊਟੀ ਅਤੇ ਫੀਸ 'ਚ 2.25 ਫੀਸਦੀ ਦੀ ਛੋਟ 'ਚ 30 ਅਪ੍ਰੈਲ 2023 ਤੱਕ ਦਾ ਵਾਧਾ ਕਰ ਦਿੱਤਾ ਗਿਆ ਹੈ। ਉਨ੍ਹਾ ਕਿਹਾ ਕਿ ਅਪ੍ਰੈਲ ਮਹੀਨੇ 'ਚ ਕਿਸਾਨਾਂ ਵੱਲੋਂ ਫਸਲ ਦੀ ਕਟਾਈ ਤੋਂ ਬਾਅਦ ਜ਼ਮੀਨ-ਜਾਇਦਾਦਾਂ ਦੀ ਰਜਿਸਟਰੀ ਲਈ ਰੁਚੀ ਵਿਖਾਈ ਜਾਂਦੀ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸਟੈਂਪ ਡਿਊਟੀ ਅਤੇ ਫੀਸ ਵਿਚ ਛੋਟ ਸੰਬੰਧੀ ਲਏ ਫੈਸਲੇ ਦਾ ਲਾਭ ਸੂਬੇ ਦੇ ਕਿਸਾਨ ਅਸਾਨੀ ਨਾਲ ਲੈ ਸਕਣਗੇ। ਕਾਬਿਲੇਗੌਰ ਹੈ ਕਿ ਕਿਸੇ ਵੀ ਤਰ੍ਹਾਂ ਦੀ ਜ਼ਮੀਨ ਜਾਇਦਾਦ ਦੀ ਰਜਿਸਟਰੀ ਕਰਵਾਉਣ ਲਈ 1 ਫੀਸਦੀ ਐਡੀਸ਼ਨਲ ਸਟੈਂਪ ਡਿਊਟੀ, 1 ਫੀਸਦੀ ਪੀ ਆਈ ਡੀ ਬੀ ਫੀਸ ਅਤੇ 0.25 ਫੀਸਦੀ ਸਪੈਸ਼ਲ ਫੀਸ 'ਚ ਕਟੌਤੀ ਕੀਤੀ ਗਈ ਹੈ। ਇਹ ਕੁੱਲ ਛੋਟ 2.25 ਫੀਸਦੀ ਬਣਦੀ ਹੈ।

ਉਨ੍ਹਾਂ ਅਪੀਲ ਕੀਤੀ ਕਿ ਸੂਬੇ ਦੇ ਖਜ਼ਾਨੇ ਨੂੰ ਹੋਰ ਮਜ਼ਬੂਤ ਕਰਨ ਲਈ ਲੋਕ ਸਰਕਾਰ ਦਾ ਸਾਥ ਦੇਣ ਅਤੇ ਕਿਸੇ ਵੀ ਕੰਮ ਲਈ ਕਿਸੇ ਵੀ ਅਧਿਕਾਰੀ/ਕਰਮਚਾਰੀ ਨੂੰ ਕੋਈ ਰਿਸ਼ਵਤ ਨਾ ਦਿੱਤੀ ਜਾਵੇ ਅਤੇ ਜੇਕਰ ਮਾਲ ਵਿਭਾਗ ਦਾ ਕੋਈ ਅਧਿਕਾਰੀ/ਕਰਮਚਾਰੀ ਕਿਸੇ ਕੰਮ ਬਦਲੇ ਪੈਸਾ ਮੰਗਦਾ ਹੈ ਤਾਂ ਬੇਝਿਜਕ ਹੋ ਕੇ ਇਸ ਦੀ ਸ਼ਿਕਾਇਤ ਕੀਤੀ ਜਾਵੇ। ਦੋਸ਼ੀ ਨੂੰ ਕਿਸੇ ਵੀ ਹਾਲਤ 'ਚ ਬਖਸ਼ਿਆਂ ਨਹੀਂ ਜਾਵੇਗਾ।

ਲੋੜਵੰਦ ਪਰਵਾਰ ਦੀ ਲੜਕੀ ਦਾ ਕੀਤਾ ਵਿਆਹ

ਫਿਲੌਰ (ਨਿਰਮਲ)- ਸੀ.ਪੀ.ਆਈ.ਐਮ ਇਕਾਈ ਫਿਲੌਰ ਅਤੇ ਆਂਗਨਵਾੜੀ ਵਰਕਰ ਯੂਨੀਅਨ, ਸੀਟੂ ਯੂਨੀਅਨ ਅਤੇ ਸਾਰੇ ਪਾਰਟੀ ਸਾਥੀਆਂ ਦੇ ਸਹਿਯੋਗ ਨਾਲ ਇੱਕ ਲੋੜਵੰਦ ਪਰਵਾਰ ਦੀ ਲੜਕੀ ਦਾ ਵਿਆਹ ਸੰਤ ਬਾਬਾ ਬ੍ਰਹਮਦਾਸ ਜੀ ਕਮਿਊਨਿਟੀ ਹਾਲ ਵਿਖੇ ਕੀਤਾ ਗਿਆ।

ਕਾਮਰੇਡ ਕਮਲਜੀਤ ਸਿੰਘ ਫਿਲੌਰ ਨੇ ਕਿਹਾ ਕਿ ਕੰਨਿਆ ਦਾਨ ਮਹਾਂ ਦਾਨ ਹੁੰਦਾ ਹੈ। ਜਿਸ ਨੇਕ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਸਭ ਨੂੰ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਫਿਲੌਰ ਦੇ ਮਾਤਾ ਕਲਸੀ ਨਗਰ ਨਿਵਾਸੀ ਲੋੜਵੰਦ ਪਰਵਾਰ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਆਰਥਿਕ ਸਥਿਤੀ ਕਮਜੋਰ ਹੋਣ ਕਾਰਨ ਆਪਣੀ ਲੜਕੀ ਦਾ ਵਿਆਹ ਕਰਨ ਵਿੱਚ ਅਸਮਰਥ ਹਨ ਤਾਂ ਸਾਰੀਆਂ ਜਥੇਬੰਦੀਆਂ ਨੇ ਤੁਰੰਤ ਫੈਸਲਾ ਲੈ ਕੇ ਸਮਾਜ ਪ੍ਰਤੀ ਬਣਦੇ ਆਪਣੇ ਫਰਜ ਨੂੰ ਨਿਭਾਉਣ ਲਈ ਲੋੜਵੰਦ ਪਰਵਾਰ ਦਾ ਪੂਰਾ ਸਹਿਯੋਗ ਦਿੱਤਾ। ਉਨ੍ਹਾਂ ਕਿਹਾ ਸੀ.ਪੀ.ਆਈ.ਐਮ ਅਤੇ ਹੋਰ ਸਹਿਯੋਗੀ ਸੰਸਥਾਵਾਂ ਸਮਾਜ ਭਲਾਈ ਦੇ ਕੰਮਾਂ ਲਈ ਹਮੇਸਾ ਤੱਤਪਰ ਰਹਿਣਗੀਆਂ।

ਇਸ ਮੌਕੇ ਸ੍ਰੀਮਤੀ ਕ੍ਰਿਸ਼ਨਾ ਪੁਆਦੜਾ, ਨਿਰਲੇਪ ਕੌਰ ਫਿਲੌਰ, ਰਜਨਦੀਪ ਕੌਰ ਰੁੜਕਾਂ ਕਲਾ, ਨਿਰਮਲ ਕੌਰ, ਪਲਵਿੰਦਰ ਕੌਰ, ਰਜਿੰਦਰ ਕੌਰ, ਸੁਨੀਤਾ ਰਾਣੀ, ਅਲੀ ਮੁਹੱਮਦ, ਸੁਖਵਿੰਦਰ ਸਿੰਘ, ਨਰਿੰਦਰ ਕੁਮਾਰ, ਕਾਲਾ ਰਾਮਗੜ੍ਹ ਅਤੇ ਹੋਰ ਹਾਜਰ ਸਨ।

ਦੁਨੀਆ ਭਰ ਤੋਂ ਐੱਲ ਪੀਯੂ ਦੇ ਸਾਬਕਾ ਵਿਦਿਆਰਥੀਆਂ ਦੀ ਯਾਦਗਾਰੀ ਪੁਨਰ-ਮਿਲਣੀ

ਜਲੰਧਰ- (ਸ਼ੈਲੀ ਐਲਬਰਟ)- : ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਨੇ ਹੋਮ ਕਮਿੰਗ-2023 ਨਾਮਕ ਇੱਕ ਗ੍ਰੈਂਡ ਐਲੂਮਨੀ ਮੀਟ ਦਾ ਆਯੋਜਨ ਕੀਤਾ, ਜਿਸ ਵਿੱਚ ਵੱਖ-ਵੱਖ ਦੇਸ਼ਾਂ ਅਤੇ ਰਾਜਾਂ ਦੇ ਵਿਦਿਆਰਥੀਆਂ ਦਾ ਇਕੱਠ ਦੇਖਣ ਨੂੰ ਮਿਲਿਆ। ਇਸ ਮੀਟਿੰਗ ਦਾ ਉਦੇਸ਼ ਐੱਲ.ਪੀ.ਯੂ ਦੇ ਸਾਬਕਾ ਵਿਦਿਆਰਥੀਆਂ ਨੂੰ ਇਕੱਠਾ ਕਰਨਾ ਸੀ ਜੋ ਵੱਖ-ਵੱਖ ਕਾਰਪੋਰੇਟਾਂ, ਸਰਕਾਰੀ ਸੰਸਥਾਵਾਂ ਵਿੱਚ ਕੰਮ ਕਰ ਰਹੇ ਹਨ ਜਾਂ ਸਫਲ ਕਾਰੋਬਾਰ ਚਲਾ ਰਹੇ ਹਨ । ਇਸ ਇਵੈਂਟ ਨੇ ਸਾਬਕਾ ਵਿਦਿਆਰਥੀਆਂ ਨੂੰ ਐੱਲ.ਪੀ.ਯੂ ਵਿੱਚ ਬਿਤਾਏ ਸਮੇਂ ਨੂੰ ਮੁੜ ਸੁਰਜੀਤ ਕਰਨ ਅਤੇ ਆਪਣੇ ਸਾਥੀ ਬੈਚਮੇਟ ਨਾਲ ਦੁਬਾਰਾ ਜੁੜਨ ਦਾ ਇੱਕ ਸ਼ਾਨਦਾਰ ਮੌਕਾ ਪ੍ਰਦਾਨ ਕੀਤਾ । ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਦੁਬਈ, ਇਟਲੀ ਅਤੇ ਭਾਰਤ ਸਮੇਤ ਦੁਨੀਆ ਭਰ ਦੇ 1500 ਤੋਂ ਵੱਧ ਐਲਪੀਯੂ ਦੇ ਸਾਬਕਾ ਵਿਦਿਆਰਥੀ ਦੋ ਦਿਨਾਂ ਦੀ ਸਾਲਾਨਾ ਮੀਟਿੰਗ ਲਈ ਕੈਂਪਸ ਵਿੱਚ ਇਕੱਠੇ ਹੋਏ। ਇਹ ਇਵੈਂਟ ਇੱਕ ਸ਼ਾਨਦਾਰ ਜਸ਼ਨ ਸੀ, ਕੈਂਪਸ ਜੋਸ਼ ਨਾਲ ਗੂੰਜ ਉੱਠਿਆ ਅਤੇ ਇੱਕ ਅਭੁੱਲ ਸਾਬਕਾ ਵਿਦਿਆਰਥੀਆਂ ਦੀ ਘਰ ਵਾਪਸੀ ਉਨ੍ਹਾਂ ਨੂੰ ਐੱਲ.ਪੀ.ਯੂ ਵਿੱਚ ਆਪਣੇ ਸਮੇਂ ਦੀਆਂ ਯਾਦਾਂ ਵਿੱਚ ਵਾਪਸ ਲੈ ਗਈ। ਆਪੋ-ਆਪਣੀਆਂ ਕਲਾਸਾਂ ਵਿੱਚ ਵਾਪਸ ਜਾਂਦੇ ਹੋਏ, ਸਾਬਕਾ ਵਿਦਿਆਰਥੀ ਹਾਸੇ ਅਤੇ ਖੁਸ਼ੀ ਦੇ ਪਲ ਸਾਂਝੇ ਕਰਦੇ ਹੋਏ ਦੇਖੇ ਗਏ ਕਿਉਂਕਿ ਉਹ ਆਪਣੇ ਦੋਸਤਾਂ ਨਾਲ ਪੁਰਾਣੇ ਚੰਗੇ ਦਿਨਾਂ ਨੂੰ ਯਾਦ ਕਰਦੇ ਸਨ । ਯੂਨੀਵਰਸਿਟੀ ਦੇ ਸ਼ਾਂਤੀ ਦੇਵੀ ਮਿੱਤਲ ਆਡੀਟੋਰੀਅਮ ਵਿੱਚ ਸਾਬਕਾ ਵਿਦਿਆਰਥੀਆਂ ਲਈ ਦੁਪਹਿਰ ਦੀ ਇੱਕ ਸ਼ਾਨਦਾਰ ਗਤੀਵਿਧੀ ਦਾ ਆਯੋਜਨ ਕੀਤਾ ਗਿਆ । ਇਸ ਸਮਾਗਮ ਵਿੱਚ ਯੂਨੀਵਰਸਿਟੀ ਦੇ ਪਤਵੰਤਿਆਂ ਨਾਲ ਮੁਲਾਕਾਤਾਂ ਵੀ ਸ਼ਾਮਲ ਸਨ ਅਤੇ ਨਾਲ਼ ਹੀ ਪ੍ਰਸਿੱਧ ਕਾਮੇਡੀਅਨ ਰਜਤ ਚੌਹਾਨ ਨੇ ਸਾਰਿਆਂ ਦਾ ਮਨੋਰੰਜਨ ਕੀਤਾ। ਸਮਾਗਮ ਨੂੰ ਹੋਰ ਵੀ ਯਾਦਗਾਰੀ ਬਣਾਉਣ ਲਈ ਵੱਖ-ਵੱਖ ਸ਼੍ਰੇਣੀਆਂ ਵਿੱਚ ਵੱਖ-ਵੱਖ ਅਲੂਮਨੀ ਐਵਾਰਡ ਵੀ ਦਿੱਤੇ ਗਏ । ਇਵੈਂਟ ਤੇ ਟਿੱਪਣੀ ਕਰਦੇ ਹੋਏ, ਐਲਪੀਯੂ ਦੇ ਚਾਂਸਲਰ ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ, ਇਹ ਇਵੈਂਟ ਸਿਰਫ਼ ਪੁਰਾਣੇ ਦੋਸਤਾਂ ਨੂੰ ਮਿਲਣ ਦਾ ਮੌਕਾ ਨਹੀਂ ਹੈ, ਸਗੋਂ ਇੱਕ ਅਜਿਹੇ ਭਾਈਚਾਰੇ ਨਾਲ ਜੁੜਨ ਦਾ ਵੀ ਹੈ ਜੋ ਅਭੁੱਲ ਤਜ਼ਰਬੇ ਅਤੇ ਨਜ਼ਦੀਕੀ ਬੰਧਨ ਸਾਂਝੇ ਕਰਦਾ ਹੈ । ਉਨ੍ਹਾਂਨੇ ਸਾਰੇ ਸਾਬਕਾ ਵਿਦਿਆਰਥੀਆਂ ਨੂੰ ਵੀ ਵਧਾਈ ਦਿੱਤੀ । ਕਿਉਂਕਿ ਹਾਲ ਹੀ ਵਿੱਚ ਕਯੂ ਐਸ ਵਿਸ਼ਵ ਯੂਨੀਵਰਸਿਟੀ ਦਰਜਾਬੰਦੀ ਨੇ ਐਲਪੀਯੂ ਨੂੰ 2023 ਵਿੱਚ ਵਿਸ਼ਵ ਦੀਆਂ ਚੋਟੀ ਦੀਆਂ 300 ਯੂਨੀਵਰਸਿਟੀਆਂ ਵਿੱਚ ਅਤੇ ਭਾਰਤ ਵਿੱਚ 9ਵਾਂ ਸਥਾਨ ਦਿੱਤਾ ਹੈ । ਜਿਵੇਂ ਹੀ ਸ਼ੋਅ ਸਮਾਪਤ ਹੋਇਆ, ਸਾਬਕਾ ਵਿਦਿਆਰਥੀਆਂ ਨੇ ਬਹੁਤ ਖੁਸ਼ ਅਤੇ ਪੁਰਾਣੀ ਯਾਦਾਂ ਨੂੰ ਤਰੋ-ਤਾਜ਼ਾ ਕੀਤਾ। ਇੱਕ ਵਾਰ ਫਿਰ ਉਨ੍ਹਾਂ ਨੇ ਆਪਣੇ ਦੋਸਤਾਂ, ਅਧਿਆਪਕਾਂ ਅਤੇ ਯੂਨੀਵਰਸਿਟੀ ਨਾਲ ਸਾਂਝੇ ਕੀਤੇ ਸਥਾਈ ਬੰਧਨ ਨੂੰ ਯਾਦ ਕੀਤਾ। ਇਸ ਇਵੈਂਟ ਨੇ ਐੱਲ.ਪੀ.ਯੂ ਅਤੇ ਇਸਦੇ ਸਾਬਕਾ ਵਿਦਿਆਰਥੀਆਂ ਵਿਚਕਾਰ ਇਕ ਮਜ਼ਬੂਤ ਬੰਧਨ ਬਣਾਇਆ ਅਤੇ ਇਹ ਇਵੈਂਟ ਯੂਨੀਵਰਸਿਟੀ ਦੇ ਆਪਣੇ ਗ੍ਰੈਜੂਏਟਾਂ ਦੇ ਜੀਵਨ ਤੇ ਹੋਣ ਵਾਲੇ ਸ਼ਾਨਦਾਰ ਪ੍ਰਭਾਵ ਦੀ ਯਾਦ ਦਿਵਾਉਂਦਾ ਹੈ । ਬਹੁਤ ਸਾਰੇ ਹਾਸੇ, ਮੁਸਕਰਾਹਟ ਅਤੇ ਦਿਲ ਨੂੰ ਛੂਹਣ ਵਾਲੇ ਪਲਾਂ ਦੇ ਨਾਲ, ਅਲੂਮਨੀ ਹੋਮਕਮਿੰਗ 2023 ਸੱਚਮੁੱਚ ਇੱਕ ਅਭੁੱਲ ਅਨੁਭਵ ਸੀ।।

ਚੌਧਰੀ ਸਵਰਨਾ ਰਾਮ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਬਹਿਰਾਮ (ਅਵਤਾਰ ਕਲੇਰ) ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ ਦੇ ਪਿਤਾ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਚੌਧਰੀ ਸਵਰਨਾ ਰਾਮ , ਸਾਬਕਾ ਕੈਬਨਿਟ ਮੰਤਰੀ ਪੰਜਾਬ ਜੋ ਬੀਤੇ ਦਿਨੀਂ ਆਪਣੀ ਸਵਾਸਾਂ ਦੀ ਪੂੰਜੀ ਭੋਗਦੇ ਹੋਏ ਅਕਾਲ ਚਲਾਣਾ ਕਰ ਗਏ। ਚੌਧਰੀ ਜੀ ਨੇ ਆਪਣੀ ਸਾਰੀ ਜ਼ਿੰਦਗੀ ਦਲਿਤਾਂ , ਗਰੀਬਾਂ ਅਤੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਲਾਈ । ਉਹਨਾਂ ਦੀ ਮੌਤ 'ਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ , ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ , ਕੁਲਜੀਤ ਸਿੰਘ ਸਰਹਾਲ , ਬੁੱਧ ਸਿੰਘ ਬਲਾਕੀਪੁਰ , ਨਵਦੀਪ ਸਿੰਘ ਅਨੌਖਰਵਾਲ , ਜਥੇਦਾਰ ਸੰਤੋਖ ਸਿੰਘ ਮੱਲਾ , ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ , ਬਲਦੇਵ ਸਿੰਘ ਚੇਤਾ , ਰਣਜੀਤ ਸਿੰਘ ਝਿੰਗੜ , ਬਿਸ਼ਨ ਸਿੰਘ ਝਿੰਗੜ , ਸੁਖਦੇਵ ਸਿੰਘ ਮੇਹਲੀਆਣਾ , ਅਕਵਿੰਦਰ ਕੌਰ ਸਰਪੰਚ ਬਹਿਰਾਮ , ਪਰਮਜੀਤ ਕੌਰ ਸਾਬਕਾ ਸਰਪੰਚ ਬਹਿਰਾਮ , ਜਸਵਿੰਦਰ ਸਿੰਘ ਨੰਬਰਦਾਰ ਬਹਿਰਾਮ , ਅਮਰਜੀਤ ਕਲਸੀ , ਦੇਸ ਰਾਜ ਮਾਂਗਟ , ਅਵਤਾਰ ਸਿੰਘ ਸਾਬਕਾ ਸਰਪੰਚ ਚੱਕਗੁਰ